# ਵਰਿਆਮ

ਅਪਰੈਲ ੧੯੯੨

## ਤੰਬਾਕੂ ਪੀਣ ਤੇ ਪਾਬੰਦੀ

ਅਖਬਾਰਾਂ ਵਿਚ ਛੱਪੀ ਇਕ ਖ਼ਬਰ ਅਨੁਸਾਰ ਪੰਜਾਬ ਸਰਕਾਰ ਨੇ ਜਨਤਕ ਥਾਵਾਂ ਤੇ ਸਿਗਰਟ-ਨੋਸ਼ੀ ਤੇ ਪਾਬੰਦੀ ਲਾਉਣ ਦਾ ਫੈਸਲਾ ਕੀਤਾ ਹੈ। ਜੇ ਇਹ ਸੱਚ ਹੈ ਅਤੇ ਜੇ ਸਰਕਾਰ ਅਪਣੇ ਫੈਸਲੇ ਨੂੰ ਅਮਲ ਵਿਚ ਲਿਆ ਸਕਦੀ ਹੈ ਤਾਂ ਇਸ ਦੀ ਜਿਨੀ ਪਰਸੰਸਾ ਕੀਤੀ ਜਾਵੇ ਥੋਹੜੀ ਹੈ। ਬਹੁਤ ਸਾਰੇ ਲੋਕ ਤੰਬਾਕੂ ਨੋਸ਼ੀ ਨੂੰ ਸਖਤ ਨਫਰਤ ਕਰਦੇ ਹਨ। ਇਹ ਧਾਰਮਕ ਮਸਲਾ ਨਹੀਂ, ਲੋਕਾਂ ਦੀ ਸਿਹਤ ਨਾਲ ਸੰਬੰਧ ਰਖਣ ਵਾਲਾ ਮਾਮਲਾ ਹੈ। ਸਿਗਰਟ ਦਾ ਧੂੰਆਂ ਜਿਥੇ ਪ੍ਰਹੇਜ਼ਗਾਰ ਵਾਸਤੇ ਜੂਠ ਖਾਣ ਦੇ ਬਰਾਬਰ ਹੁੰਦਾ ਹੈ ਉਥੇ ਸਿਹਤ ਲਈ ਵੀ ਹਾਨੀਕਾਰਕ ਅਤੇ ਬਰਦਾਸ਼ਤ ਤੋਂ ਬਾਹਰ ਹੁੰਦਾ ਹੈ। ਤੰਬਾਕੂ ਸੇਵਨ ਕਰਨ ਵਾਲਾ ਆਪ ਕਿੰਨੀਆਂ ਬੀਮਾਰੀਆਂ ਸਹੇੜਦਾ ਹੈ ਅਤੇ ਕਿੰਨੀਆਂ ਵੰਡਦਾ ਹੈ ਇਸ ਬਾਰੇ ਛਪੇ ਸਾਹਿਤ ਅਤੇ ਡਾਕਟਰਾਂ ਦੀਆਂ ਰਿਪੋਰਟਾਂ ਨਾਲ ਗੱਡੀਆਂ ਭਰ ਸਕਦੀਆਂ ਹਨ।

ਹਵਾਈ ਜਹਾਜ਼ਾਂ ਅਤੇ ਯੂਰਪ ਦੀਆਂ ਰੇਲਾਂ ਵਾਸਤੇ ਸਿਗਰਟ ਨੋਸ਼ਾਂ ਵਾਸਤੇ ਵਖਰੇ ਕੇਬਿਨ ਜਾਂ ਡੱਬੇ ਹੁੰਦੇ ਹਨ। ਪੰਜਾਬ ਸਰਕਾਰ ਨੇ ਤਾਂ ਫੈਸਲਾ ਕੀਤਾ ਹੈ ਪਰ ਭਾਰਤ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਰੇਲਾਂ ਵਿਚ ਅਜਿਹਾ ਪ੍ਰਬੰਧ ਕਰੇ ਕਿ ਜਾਂ ਤਾਂ ਸਿਗਰਟ ਬੀੜੀ ਪੀਣੀ ਬਿਲਕੁਲ ਬੰਦ ਕਰਾਈ ਜਾਵੇ ਜਾਂ ਪੀਣ ਵਾਲਿਆਂ ਵਾਸਤੇ ਵਖਰੇ ਡੱਬੇ ਲਾਏ ਜਾਣ।

ਤੰਬਾਕੂ ਤੇ ਪਾਬੰਦੀ ਲੋਕਾਂ ਦੀ ਸਿਹਤ ਲਈ ਵੀ ਠੀਕ ਹੈ ਅਤੇ ਬਹੁਤ ਸਾਰੀ ਨਫਰਤ ਦੀ ਜੜ੍ਹ ਵੱਢਣ ਵਾਲੀ ਵੀ ਹੈ।

—ਜਗਦੀਸ਼ ਸਿੰਘ

Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL





MIXERS
&
VIBRATORS





## BALWANT SINGH & SONS

WH. 14, SATGURU RAM SINGH MARG,
MAYAPURI PHASE - 1 NEW DELHI - 110064
PH : FAC : 5401973,5435059 RESI : 536093



Sri Satguru Jagjit Singh Ji eLibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

**NAMDHARI MARBLE CO.**

PROP. : DAYA SINGH BHUI

ALL KINDS OF MARBLE STONE SUPPLIERS

WZ-2, Mansarover Garden, Ring Road,

NEW DELHI-110015



ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office & Resi. 58795

**ਸੱਗੂ ਆਇਰਨ ਇੰਡਸਟਰੀਜ਼**

ਪੁਰਾਣੀ ਰੇਲਵੇ ਰੋਡ, ਜਲੰਧਰ ।

Specialists in :

Sugar Mill Spare, Solvent Plant Spares, Textile Mill Spares

& Distillery Spares

**SAGGU IRON INDUSTRIES**

Old Railway Road, JALANDHAR CITY.

Partner : S. Puran Singh Saggu



Phone : 3040

Code : 01824

For Fitting Diesel Engines in

Foreign and Indian Cars bodies Contact

**Amarjit Motor Garage**

G.T. Road,

Opp. Jalandhar Octroi Post,

PHAGWARA (Pb.)

Specialists in :

Mercedes Benz Car Repairing



Manufacturers of :

ALL KINDS OF WOODEN FURNITURE

**PARTAP**

**Furnishers & Packers**

Phone : 5441481

Showroom : B-204, Mansrover Garden,

NEW DELHI-110015.

Works : A-3, Sudershan Park,

NEW DELHI-15.




Sri Satguru Jagjit Singh Ji eLibrary NamdhariElibrary@gmail.com

ਵਰਿਆਮ ਲਈ ਸ਼ੁਭ ਇਛਾਵਾ :

ਸ. ਅਜੀਤ ਸਿੰਘ ਨਾਮਧਾਰੀ

## ਨਾਮਧਾਰੀ ਬ੍ਰਦਰਜ਼, ਡਾਲਟਨ ਗੰਜ (ਬਿਹਾਰ)

## Namdhari Brothers

**DALTON GANJ (Bihar)**

Prop. : S. AJIT SINGH NAMDHARI

## GOLD STAR

**HOME ELECTRICAL APPLIANCES**

**SUPERB TECHNOLOGY**
**STAR PERFORMANCE**



Sole Distributors :

**TELEVISION SERVICE CENTRE (REGD.)**

23, Beadonpura, Karol Bagh, NEW DELHI-110005

Phones : Service Centre : 5712477
Show Room : 5727552
Gold Star . 7227095

Telex - 31-79088 IEC IN
Grams : HOUSE QUEEN

## ALWAYS INSIST UPON MEX



SWITCHGEARS &
MOTOR STARTERS
FOR PERFECT AND
TROUBLE-FREE
PERFORMANCE



**MEX SWITCHGEARS PVT. LTD**

REGD. OFFICE 9TH KILOMETER, PATHANKOT ROAD, JALANDHAR.
PHONES. 72116, 76572 72118

Sri Satguru Jagjit Singh Ji eLibrary NamdhariElibrary@gmail.com

https://archive.org/details/namdhari

## ਵਿਛੜੇ ਮਿਤਰਾਂ ਦੀ ਯਾਦ ਵਿਚ

ਪਿਛਲੇ ਦਿਨੀਂ ਸਾਹਿਤ ਜਗਤ ਨਾਲ ਸੰਬੰਧਤ ਕੁਝ ਅਤਿ ਪਿਆਰੇ ਮਿਤਰ ਸਾਨੂੰ ਵਿਛੋੜਾ ਦੇ ਗਏ ਹਨ।

**ਡਾ. ਰਣਧੀਰ ਸਿੰਘ ਚੰਦ :** ਪੰਜਾਬੀ ਦੇ ਉਘੇ ਸ਼ਾਇਰ ਹੀ ਨਹੀਂ ਸਨ ਉਹ ਬਹੁਤ ਸਾਰੀਆਂ ਭਾਸ਼ਾਵਾਂ ਦੇ ਵਿਦਵਾਨ ਵੀ ਸਨ, ਅਧਿਆਪਕ, ਆਲੋਚਕ ਅਤੇ ਹਰ ਵਿਸ਼ੇ ਤੇ ਆਲਮਾਨਾ ਪਕੜ ਰਖਣ ਵਾਲੇ। ਅਸੀਂ ਉਹਨਾਂ ਨਾਲ ਦੇਸ਼ ਵਿਦੇਸ਼ ਵਿਚ ਵਿਚਰੇ ਹਾਂ। ਬਹੁਤ ਪਿਆਰੇ ਇਨਸਾਨ ਸਨ।

**ਤਰਸੇਮ ਨੀਲਗਿਰੀ :** ਬਹੁਤ ਮੋਹ ਭਿੱਜਾ ਇਨਸਾਨ ਸੀ। ਹੌਲੀ ਹੌਲੀ ਬਾਰੀਕ ਬਾਰੀਕ ਗਲਾਂ ਕਰਨ ਵਾਲਾ। ਦੇਖਦਿਆਂ ਹੀ ਦੇਖਦਿਆਂ ਉਹ ਸਾਹਿਤਕ ਖੇਤਰ ਵਿਚ ਬਹੁਤ ਜਾਣਿਆ ਪਛਾਣਿਆ ਨਾਂਅ ਬਣ ਗਿਆ। ਜਲੰਧਰ ਵਿਚ ਤਾਂ ਉਹ ਯਾਰਾਂ ਵਰਗੀ ਦੋਸਤੀ ਨਿਭਾਉਂਦਾ ਹੀ ਸੀ ਸਾਡੀ ਇਗਲੈਂਡ ਯਾਤਰਾ ਸਮੇਂ ਵੀ ਉਸ ਮੋਹ ਦੀ ਤੰਦ ਮਜ਼ਬੂਤੀ ਨਾਲ ਪਕੜ ਰਖੀ। ਗਲਾਂ ਵਿਚ ਅਤਿ ਕੋਮਲ ਇਰਾਦੇ ਵਿਚ ਅਤਿ ਦ੍ਰਿੜ ਇਨਸਾਨ ਭੁਲਣ ਵਾਲਾ ਵਿਅਕਤੀ ਨਹੀਂ। ਜਾਪਦਾ ਹੈ ਉਸ ਦੇ ਜਾਣ ਨਾਲ ਜੀਵਨ ਵਿਚ ਬਹੁਤ ਵਡਾ ਖਲਾਅ ਆ ਗਿਆ ਹੈ।

**ਪੰਡਤ ਵਿਸ਼ਨੂ ਦੱਤ ਸ਼ਰਮਾ :** ਮੈਂਬਰ ਤਾਂ ਕਮਿਊਨਿਸਟ ਪਾਰਟੀ ਦਾ ਸੀ ਪਰ ਉਸ਼ ਦੇ ਵਿਸ਼ਾਲ ਘੇਰੇ ਵਿਚ ਸਾਹਿਤਕ ਸਮਾਜਕ ਅਤੇ ਸਿਆਸੀ ਖੇਤਰ ਦੇ ਸਾਰੇ ਪੰਜਾਬੀ ਆਉਂਦੇ ਸਨ। ਉਸ ਇਗਲੈਂਡ ਵਿਚ ਜਾ ਕੇ ਅਪਣੀ ਪ੍ਰਤਿਭਾ ਨੂੰ ਹੋਰ ਚਮਕਾਇਆ। ਉਸ ਦੇ ਜਾਣ ਨਾਲ ਵਲੈਤ ਦੇ ਮਿਤ੍ਰ ਜਗਤ ਵਿਚ ਇਕ ਵਡਾ ਖਲਾਅ ਪੈਦਾ ਹੋ ਗਿਆ ਹੈ।

ਵਿਛੜੇ ਮਿਤਰਾਂ ਦੀ ਯਾਦ ਵਿਚ ਸਾਡੀ ਕਲਮ ਦੀ ਮੁਖੀ ਝੁੱਕੀ ਪਈ ਹੈ।

—ਜਗਦੀਸ਼ ਸਿੰਘ

## ੨੭ਵਾਂ ਨਾਮਧਾਰੀ ਵਿਦਿਅਕ ਸੰਮੇਲਨ

ਦਿਲੀ ਵਿਚ ੨੨ ਤੋਂ ੨੮ ਜੂਨ ੧੯੯੨ ਤਕ

ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਮਾਨਸਰੋਵਰ ਗਾਰਡਨ ਦਿਲੀ ਵਿਚ ਹੋ ਰਿਹਾ ਹੈ।

੨੨-੨੩ ਜੂਨ ਬੀਬੀਆਂ ਦਾ ਸੰਮੇਲਨ ਹੋਵੇਗਾ। ੨੪ ੨੫ ਨੂੰ ੧੮ ਸਾਲ ਤਕ ਜਵਾਨਾ ਦਾ ਅਤੇ ੨੬-੨੭ ਨੂੰ ੧੮ ਸਾਲ ਤੋਂ ਉਪਰ ਵਾਲਿਆਂ ਵਾਸਤੇ। ਭੋਗ ੨੮ ਜੂਨ ਨੂੰ ਪਵੇਗਾ।

# ਵਰਿਆਮ

ਅਪ੍ਰੈਲ—੧੯੯੨ ਜਿਲਦ—੧੭ ਅੰਕ—੬

### ਤਤਕਰਾ


| | |
|---|---|
| ਬਸੰਤ ਵਿਸ਼ੇਸ਼ ਅੰਕ ਬਾਰੇ—ਸੰਪਾਦਕ | ੪ |
| ਜੰਮੂ ਵਿਚ ਕੂਕਾ ਅੰਦੋਲਨ ਤੇ ਸਾਹਿਤਕ ਗੋਸ਼ਟੀ —ਅਮਰ ਸਿੰਘ ਕੂਕਾ | ੬ |
| ਤੀਰਥ ਯਾਤਰਾ (ਕਹਾਣੀ) ਲ. ਤਾਲਸਤਾਏ | ੮ |
| ਇਕ ਕੋਸ਼ ਦਾ ਜਨਮ—ਸੁਰਜੀਤ ਖੁਰਸ਼ੀਦੀ | ੨੩ |
| ਪੁਸਤਕ ਚਰਚਾ—ਲਖਵਿੰਦਰ ਜੌਹਲ | ੨੫ |
| —ਜਗਦੀਸ਼ ਸਿੰਘ | ੨੬ |
| ਸਾਹਿਤਕ, ਸਮਾਜਕ ਖਬਰਾਂ | ੨੭ |
| ਪ੍ਰਤੀਕਰਮ | ੩੩ |


### ਵਰਿਆਮ ਦੇ ਦਰ

| | |
|---|---|
| ਇਕ ਪ੍ਰਤੀ | ੫.੦੦ ਰੁਪਏ |
| ਸਾਲਾਨਾ ਚੰਦਾ | ੫੦.੦੦ ,, |
| ਤਿੰਨ ਸਾਲ ਵਾਸਤੇ | ੧੨੦.੦੦ ,, |
| ਚਾਰ ਸਾਲ ਵਾਸਤੇ | ੧੭੦.੦੦ ,, |
| ਪੰਜ ਸਾਲ ਵਾਸਤੇ | ੨੦੦.੦੦ ,, |
| ਉਮਰ ਭਰ ਵਾਸਤੇ | ੫੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੫੦੦.੦੦ |


| | |
|---|---|
| ਦਫਤਰ ਦਾ ਪਤਾ : | Office Address |
| ਮਾਸਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਨੇੜੇ ਮਦਨ ਫਲੋਰ ਮਿਲ) | Ladowali Road, |
| ਜਲੰਧਰ ੧੪੪੦੦੧ | (Near Madan Flour Mill Jalandhar-14401 |

ਫੋਨ : ਦਫਤਰ : ੫੭੪੫੬ ੫੮੨੪੪ ] ਪੀ.ਪੀ.

ਘਰ : ੫੬੨੮੯




Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਬਸੰਤ ਵਿਸ਼ੇਸ਼ ਅੰਕ ੧੯੯੨ ਬਾਰੇ

ਵਰਿਆਮ ਦੇ ਬਸੰਤ ਵਿਸ਼ੇਸ਼ ਅੰਕ ੧੯੯੨ ਦਾ ਵਿਸ਼ੇਸ਼ ਸਤਿਕਾਰ ਹੋਇਆ ਹੈ । ਸੂਝਵਾਨ ਪਾਠਕਾਂ, ਚੋਟੀ ਦੇ ਲੇਖਕਾਂ, ਸਾਹਿਤਕਾਰਾਂ, ਪੱਤਰਕਾਰਾਂ ਤੇ ਵਿਚਾਰਵਾਨਾਂ ਨੇ ਇਸ ਨੂੰ ਪਿਛਲੇ ਕਈ ਸਾਲਾਂ ਵਿਚੋਂ ਉਤਮ ਕ੍ਰਿਤ ਕਹਿ ਕੇ ਸਾਂਭਣ ਯੋਗ ਵਸਤੂ ਕਿਹਾ ਹੈ । ਇਸ ਨਾਲ ਨਿਰਸੰਦੇਹ ਸਾਨੂੰ ਹੌਸਲਾ ਮਿਲਿਆ ਹੈ ।

ਪਰ ਕੁਝ ਪਾਠਕਾਂ ਦੀਆਂ ਚਿੱਠੀਆਂ ਨੇ ਸੁਚੇਤ ਵੀ ਕੀਤਾ ਹੈ ਅਤੇ ਇਸ ਦੀਆਂ ਤਰੁਟੀਆਂ ਤੇ ਉਂਗਲ ਵੀ ਧਰੀ ਹੈ । ਉਹਨਾਂ ਦਾ ਬਹੁਤ ਬਹੁਤ ਧੰਨਵਾਦ ਹੈ । ਬਹੁਤ ਸਾਰੀਆਂ ਊਣਤਾਈਆਂ ਦਾ ਤਾਂ ਸਾਡੇ ਆਪਣੇ ਅੰਦਰਲੇ ਪਾਠਕ ਨੂੰ ਵੀ ਪਤਾ ਸੀ । ਜ਼ਿੰਦਗੀ ਵਿਚ ਕੁਝ ਗਲਤੀਆਂ ਐਸੀਆਂ ਹੁੰਦੀਆਂ ਹਨ ਜੋ ਇਕ ਵਾਰ ਵੀ ਹੋ ਜਾਣ ਤਾਂ ਉਹ ਸੁਧਾਰੀਆਂ ਨਹੀਂ ਜਾ ਸਕਦੀਆਂ । ਗਲਤ ਛਪਾਈ ਦੀ ਗਲਤੀ ਵੀ ਇਕ ਅਜੇਹੀ ਹੈ ।

ਸਤਿਗੁਰੂ ਰਾਮ ਸਿੰਘ ਜੀ ਤੇ ਇਕ ਯੱਗ ਵਰਗਾ ਮਹੱਤਵ ਪੂਰਨ ਅੰਕ ਕੱਢਣ ਤੇ ਜੋ ਮਨ ਦੀ ਦਸ਼ਾ ਹੈ ਉਸ ਦੇ ਰੂਬਰੂ ਕਿਸੇ ਤੇ ਦੋਸ਼ ਧਰਨ ਨੂੰ ਜੀਅ ਨਹੀਂ ਕਰਦਾ । ਸਤਿਗੁਰੂ ਸਭ ਦੀਆਂ ਗਲਤੀਆਂ ਖਿਮਾ ਕਰਨ ਪਰ ਇਖਲਾਕੀ ਤੌਰ ਤੇ ਸਾਰੀ ਜ਼ੁਮੇਵਾਰੀ ਸੰਪਾਦਕ ਦੀ ਹੀ ਆਉਂਦੀ ਹੈ ।

ਸਾਡੇ ਆਪਣੇ ਹਿਸਾਬ ਨਾਲ ਇਸ ਵਿਚ ਹੋਰ ਵੀ ਖਾਮੀਆਂ ਰਹਿ ਗਈਆਂ ਹਨ, ਪਰ ਸਭ ਤੋਂ ਵੱਡੀ ਖਟਕਣ ਵਾਲੀ ਗੱਲ ਹੈ ਇਸ ਦੇ ਪਰੂਫਾਂ ਅਤੇ ਖਾਸ ਕਰ ਕੇ ਤਸਵੀਰਾਂ ਦੇ ਕੈਪਸ਼ਨਾਂ ਵਿਚ ਗੜਬੜੀ ।

ਅਸੀਂ ਕੈਪਸ਼ਨਾਂ ਦੇ ਪਰੂਫ ਕਈ ਵਾਰ ਪੜ੍ਹ ਕੇ ਉਹਨਾਂ ਨੂੰ ਛੋਟੇ ਵੱਡੇ ਕਰਵਾ ਕੇ ਛਾਪਕ ਦੇ ਹਵਾਲੇ ਕੀਤੇ ਸਨ । ਸਾਨੂੰ ਨਹੀਂ ਪਤਾ ਕਿ ਉਹ ਕਿਥੇ ਗਏ । ਪਰ ਜੋ ਛੱਪ ਕੇ ਸਾਹਮਣੇ ਆਏ ਉਹ ਕੁਝ ਤਾਂ ਸਾਡੇ ਪਰਵਾਨ ਕੀਤੇ ਨਹੀਂ ਸਨ, ਅਤੇ ਕੁਝ ਕੁ ਗਲਤ ਥਾਵਾਂ ਤੇ ਲੱਗੇ ਹੋਏ ਸਨ । ਕਿਤੇ ਕਿਤੇ ਦੋ ਦੋ ਹੈਡਿੰਗ ਰਲਾ ਕੇ ਅੱਧੇ ਅਧੂਰੇ ਹੀ ਲਾਏ ਹੋਏ ਸਨ । ਤਸਵੀਰਾਂ ਦੀ ਛਪਾਈ ਵੀ ਨਮੂਨੇ ਅਨੁਸਾਰ ਨਹੀਂ ਸੀ । ਸਾਨੂੰ ਇਹਨਾਂ ਸਾਰੀਆਂ ਗੱਲਾਂ ਦਾ ਬਹੁਤ ਅਫਸੋਸ ਹੈ ਅਤੇ ਪਾਠਕਾਂ ਤੋਂ ਗਲ ਵਿਚ ਪਲਾ ਪਾ ਕੇ ਖਿਮਾ ਯਾਚਨਾ ਹੈ ।

ਇਸੇ ਪ੍ਰਸੰਗ ਵਿਚ ਜਦੋਂ ਸਾਡਾ ਮਨ ਡੁੱਬਿਆ ਹੋਇਆ ਸੀ ਤਾਂ ਸੂਝਵਾਨ ਪਾਠਕਾਂ ਦੇ ਹੁੰਗਾਰੇ ਨੇ ਸਾਨੂੰ ਧਰਵਾਸ ਦਿੱਤੀ । ਤਕਨੀਕੀ ਜਾਣਕਾਰੀ ਵਾਲੇ ਪਾਠਕਾਂ ਨੂੰ ਉਂਜ ਹੀ ਇਹਨਾਂ ਗੱਲਾਂ ਦਾ ਪਤਾ ਹੁੰਦਾ ਹੈ । ਬਹੁਤਿਆਂ ਪਾਠਕਾਂ ਨੇ ਆਪ ਹੀ ਸਭ ਕੁਝ ਸੋਧ ਲਿਆ ਹੈ । ਸਪੱਸ਼ਟ ਰੂਪ ਵਿਚ ਉਹਨਾਂ ਨੂੰ ਪਤਾ ਸੀ ਕਿ ਇਸ ਵਿਚ ਸੰਪਾਦਕ ਦਾ ਕਸੂਰ ਨਹੀਂ । ਵਰਿਆਮ ਦਾ ਬਹੁਤਾ ਪਾਠਕ ਵਰਗ ਇਸ ਵਿਚ ਛੱਪੀ ਸਾਮਗਰੀ ਵਲ ਗਹੁ ਕਰਦਾ ਹੈ ਅਤੇ ਉਸ ਦੇ ਆਧਾਰ ਤੇ ਗੁਣ ਦੋਸ਼ਾਂ ਦਾ ਨਿਰਣਾ ਕਰਦਾ ਹੈ । ਇਸ ਅੰਕ ਵਿਚ ਛੱਪੇ ਸਾਹਿਤ ਨੂੰ ਬਹੁਤ ਪਸੰਦ ਕੀਤਾ ਗਿਆ ਹੈ । ਇਸ ਅੰਕ ਦਾ ਬਾਰ ਬਾਰ ਪਾਠ ਘਰ ਘਰ ਵਿਚ ਹੋ ਰਿਹਾ ਹੈ । ਇਸ ਵਿਚ ਪ੍ਰਕਾਸ਼ਤ ਕ੍ਰਿਤਾਂ ਨੇ ਸਾਡੇ ਸਾਰੇ ਔਗੁਣਾਂ ਤੇ ਪਰਦੇ ਪਾ ਦਿੱਤੇ ਹਨ ।

ਅਸੀਂ ਇਸ ਅੰਕ ਬਾਰੇ ਕੋਈ ਦਾਅਵਾ ਨਹੀਂ ਜਿਤਾਂਦੇ । ਅਸੀਂ ਇਹ ਵੀ ਸਮਝਦੇ ਹਾਂ ਕਿ ਅਜਿਹਾ ਕੋਈ ਵੀ ਅੰਕ ਆਪਣੇ ਨਾਇਕ ਬਾਰੇ ਅੰਤਮ ਨਿਰਣਾ ਨਹੀਂ ਕੱਢ ਸਕਦਾ ਅਤੇ ਸਾਡਾ ਤਾਂ ਅਜਿਹਾ ਕੋਈ ਮੰਤਵ ਵੀ ਨਹੀਂ ਸੀ । ਸਾਡਾ



Sri Satguru Jagjit Singh Ji eLibrary NamdhariElibrary@gmail.com

ਤਾਂ ਮੰਤਵ ਸਤਿਗੁਰੂ ਰਾਮ ਸਿੰਘ ਜੀ ਬਾਰੇ, ਉਹਨਾਂ ਦੇ ਮਾਰਗ ਬਾਰੇ, ਉਹਨਾਂ ਦੇ ਕਾਰਜਕ੍ਰਮ ਅਤੇ ਘਾਲਣਾ ਬਾਰੇ ਵੱਖ-ਵੱਖ ਵਿਚਾਰਵਾਨਾਂ ਦੇ ਵਿਚਾਰ ਪ੍ਰਸਤੁਤ ਕਰਨਾ ਸੀ। ਸਾਡੀ ਇਹ ਮਾਨਤਾ ਹੈ ਕਿ ਉਹਨਾਂ ਬਾਰੇ ਜਿੰਨੀ ਇਤਿਹਾਸਕ ਜਾਂ ਸਾਹਿਤਕ ਸਾਮਗਰੀ ਪ੍ਰਕਾਸ਼ਤ ਹੋਵੇਗੀ, ਉਹਨਾਂ ਦੀ ਕੀਰਤੀ ਨੂੰ ਹੋਰ ਉਜਾਗਰ ਕਰੇਗੀ। ਸਤਿਗੁਰੂ ਰਾਮ ਸਿੰਘ ਦੇਸ਼ ਕਾਲ ਤੇ ਸੰਗਠਨਾਂ ਦੀਆਂ ਸੀਮਾਵਾਂ ਤੋਂ ਉਪਰ ਇਕ ਚ੍ਰਿਤਰ ਹੈ। ਉਹਨਾਂ ਦੀ ਕੀਰਤੀ ਦਾ ਸੂਰਜ ਹੱਦ ਬੰਨੇ ਟੱਪ ਕੇ ਲੋਕਾਈ ਨੂੰ ਰੌਸ਼ਨ ਕਰ ਰਿਹਾ ਹੈ। ਉਹਨਾਂ ਦਾ ਨਾਮ ਮਨ ਨੂੰ ਸ਼ਾਂਤੀ ਵੀ ਦਿੰਦਾ ਹੈ ਨਾਲ ਦੀ ਨਾਲ ਕਰਮ ਲਈ ਵੀ ਪ੍ਰੇਰਦਾ ਹੈ। ਜੂਝਣ ਲਈ ਵੰਗਾਰਦਾ ਹੈ। ਜੀਵਨ ਅਤੇ ਮਰਨ ਜਾਚ ਸਿਖਾਉਂਦਾ ਹੈ।

ਅਸੀਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਅੰਕ ਛਪਵਾ ਕੇ ਲੋਕਾਂ ਤਕ ਪਹੁੰਚਾਣ ਵਿਚ ਸਹਾਇਤਾ ਕੀਤੀ ਹੈ। ਅਸੀਂ ਰਿਣੀ ਹਾਂ ਲੇਖਕਾਂ ਦੇ ਜਿਨ੍ਹਾਂ ਸਾਨੂੰ ਅਥਾਹ ਪਿਆਰ ਦਿੱਤਾ ਹੈ। ਜਿਨਾਂ ਦੋਸਤਾਂ ਨੂੰ ਅਸੀਂ ਲਿਖਣ ਵਾਸਤੇ ਸੂਚਿਤ ਨਹੀਂ ਸੀ ਕਰ ਸਕੇ ਉਹਨਾਂ ਦੀ ਸੇਵਾ ਹੁਣ ਵਾਲੇ ਲੇਖਕਾਂ ਦੇ ਨਾਲ ਹੀ ਅਸੀਂ ਮੁੜ ਪ੍ਰਾਪਤ ਕਰਣ ਦਾ ਜਤਨ ਕਰਾਂਗੇ। ਤੁਹਾਡਾ ਆਸ਼ੀਰਵਾਦ ਸਾਡੀ ਜੀਵਨ ਐਨਰਜੀ ਹੈ। ਤੁਹਾਡਾ ਪਿਆਰ ਸਾਡੇ ਸਾਹ ਹਨ। ਤੁਹਾਡੀ ਖਿਮਾ ਸ਼ੀਲਤਾ ਸਾਡੀ ਸੰਜੀਵਣੀ ਹੈ।

**ਜਗਦੀਸ਼ ਸਿੰਘ**

https://archive.org/details/namdhari

## ਬਸੰਤ ਵਿਸ਼ੇਸ਼ ਅੰਕ ਵਿਚ ਕੁਝ ਸੋਧਾਂ

ਪੰਨਾ ੬ ਕਾਲਮ ੧ ਥਲਿਓਂ ਅੱਠਵੀਂ ਸਤਰ 'ਗੁਰੂ ਰਾਮ ਸਿੰਘ ਤੋਂ ਪਿੱਛੋਂ' ਦੀ ਥਾਂ "ਗੁਰੂ ਗੋਬਿੰਦ ਸਿੰਘ ਤੋਂ ਪਿਛੋਂ" ਠੀਕ ਹੈ।

—ਰੰਗੀਨ ਤਸਵੀਰਾਂ ਵਿਚ ਰਾਮਸਰ ਦੀ ਕਾਰ ਸੇਵਾ। ਤਸਵੀਰ ਨੰਬਰ ੨ ਅਤੇ ੩ ਦੇ ਕੈਪਸ਼ਨ ਆਪਸ ਵਿਚ ਬਦਲੇ ਹੋਏ ਹਨ।

ਪੰਨਾ ੨੯ ਤਸਵੀਰ ਦਾ ਕੈਪਸ਼ਨ ਹੈ "ਭੈਣੀ ਸਾਹਿਬ ਦੇ ਬੋਹੜਾਂ ਹੇਠ—ਪੰਡਿਤ ਜਵਾਹਰ ਲਾਲ ਨਹਿਰੂ, ਮਾਸਟਰ ਤਾਰਾ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਡਾ. ਸੈਫੁਲਦੀਨ ਕਿਚਲੂ।

ਪੰਨਾ ੫੯ ਤਸਵੀਰ ਵਿਚ ਸ: ਧਿਆਨ ਸਿੰਘ ਪਥਰਾਂ ਵਾਲੇ ਦੀ ਥਾਂ ਸ: ਕਰਤਾਰ ਸਿੰਘ ਪਥਰਾਂ ਵਾਲੇ ਹੋਣਾ ਚਾਹੀਦਾ ਹੈ।

ਪੰਨਾ ੧੩੦ ਮਹੰਤ ਆਤਮਾ ਸਿੰਘ 'ਸਲਖਤਰਾ' ਦੀ ਥਾਂ ਸਨਖਤਰਾ' ਪੜ੍ਹਿਆ ਜਾਵੇ।

ਪੰਨਾ ੧੩੭ ਇਸ਼ਤਿਹਾਰ ਵਿਚ ਦਲੀਪ ਸਿੰਘ ਧੰਨਣ ਦੀ ਥਾਂ ਦਲੀਪ ਸਿੰਘ ਪੱਨਵ ਪੜ੍ਹਿਆ ਜਾਵੇ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਜੰਮੂ ਵਿਚ ਕੂਕਾ ਅੰਦੋਲਨ ਤੇ ਸਾਹਿਤਕ ਗੋਸ਼ਟੀ

ਨਾਮਧਾਰੀ ਵਿਦਿਅਕ ਜਥਾ ਜੰਮੂ ਦੇ ਸਹਿਯੋਗ ਨਾਲ ੧੯-੨-੯੨ ਨੂੰ ਬਸੰਤ ਦੇ ਗੁਰਪੁਰਬ ਦੇ ਨਾਲ ਨਾਲ, ਕੂਕਾ ਅੰਦੋਲਨ ਤੇ ਇਕ ਸਾਹਿਤਕ ਗੋਸ਼ਟੀ ਦਾ ਆਯੋਜਨ ਵੀ ਕੀਤਾ ਗਿਆ। ਜੰਮੂ ਅਤੇ ਆਸ-ਪਾਸ ਦੇ ਕਸਬਿਆਂ ਦੀਆਂ ਵੱਖ-ਵੱਖ ਬੋਲੀਆਂ ਦੀਆਂ ਸਾਹਿਤ ਸਭਾਵਾਂ ਨੂੰ ਇਸ ਗੋਸ਼ਟੀ ਵਿਚ ਸ਼ਾਮਲ ਹੋਣ ਵਾਸਤੇ ਬੇਨਤੀ ਕੀਤੀ ਗਈ। ਸਾਡੀ ਅਰਜ਼ ਕਬੂਲ ਕਰਕੇ ਭਾਰੀ ਗਿਣਤੀ ਵਿਚ ਸਾਹਿਤਕਾਰਾਂ ਨੇ ਦਰਸ਼ਨ ਦਿੱਤੇ ਅਤੇ ਗੋਸ਼ਟੀ ਵਿਚ ਆਪਣੇ ਕੀਮਤੀ ਵਿਚਾਰ ਵਿਅਕਤ ਕੀਤੇ। ਸੰਤ ਦਲੀਪ ਸਿੰਘ ਜੀ ਨਾਮਧਾਰੀ, ਪ੍ਰਧਾਨ ਕੇਂਦਰੀ ਨਾਮਧਾਰੀ ਵਿਦਿਅਕ ਜਥਾ, ਅਤੇ ਜਥੇਦਾਰ ਨਰਿੰਜਨ ਸਿੰਘ ਜੀ ਇਸ ਅਵਸਰ ਤੇ ਉਚੇਚੇ ਤੌਰ ਤੇ ਆਏ ਹੋਏ ਸਨ। ਗੋਸ਼ਟੀ ਦੀ ਪ੍ਰਧਾਨਗੀ, ਡੋਗਰੀ ਦੇ ਪ੍ਰਸਿੱਧ ਸਾਹਿਤਕਾਰ, ਸਾਹਿਤ ਅਕਾਦਮੀ ਪੁਰਸਕਾਰ ਵਜੇਤਾ, ਸ੍ਰੀ ਦੀਨੂ ਭਾਈ ਪੰਤ ਨੇ ਕੀਤੀ। ਸਭ ਤੋਂ ਪਹਿਲਾਂ ਸੰਤ ਦਲੀਪ ਸਿੰਘ ਜੀ ਨੇ ਨਾਮਧਾਰੀ ਲਹਿਰ ਦੀ ਪਿਸ਼ਟ ਭੂਮੀ ਤੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਸੰਖੇਪ ਜਿਹਾ ਚਾਨਣਾ ਪਾਇਆ। ਇਸ ਤੋਂ ਬਾਅਦ ਸਾਹਿਤਕਾਰ ਸੱਜਣਾਂ ਅੱਗੇ ਬੇਨਤੀ ਕੀਤੀ ਗਈ, ਕਿ ਉਹ ਨਾਮਧਾਰੀ ਲਹਿਰ ਬਾਰੇ ਆਪਣੇ ਵਿਚਾਰ ਦੱਸਣ। ਨਾਮਧਾਰੀ ਪਰਵਾਰ ਕੋਈ ਪੌਣੀ ਸਦੀ ਤੋਂ ਜੰਮੂ ਵਿਚ ਰਹਿ ਰਹੇ ਹਨ। ਇਹਨਾਂ ਦੇ ਪੰਥ ਬਾਰੇ, ਜੰਮੂ ਨਿਵਾਸੀ ਕਿੰਨਾ ਕੁ ਜਾਣਦੇ ਹਨ। ਇਹ ਜਾਨਣਾ ਸਾਡਾ ਮਨੋਰਥ ਸੀ। ਪਰ ਇਹ ਜਾਣ ਕੇ ਹੈਰਾਨੀ ਹੋਈ ਕਿ ਨਾਮਧਾਰੀ ਪੰਥ ਬਾਰੇ ਜੰਮੂ ਨਿਵਾਸੀਆਂ ਦੀ ਜਾਣਕਾਰੀ ਨਾ ਹੋਣ ਦੇ ਬਰਾਬਰ ਹੈ। ਕੋਈ ਇਹਨਾਂ ਨੂੰ ਰਾਧਾ ਸਵਾਮੀ ਅਤੇ ਕੋਈ ਨਿਰੰਕਾਰੀ ਕਰਕੇ ਜਾਣਦਾ ਹੈ। ਅਤੇ ਜੇ ਇਹਨਾਂ ਨੂੰ ਕੋਈ ਨਾਮਧਾਰੀ ਕਰਕੇ ਜਾਣਦਾ ਵੀ ਹੈ ਤਾਂ ਨਾਮਧਾਰੀ ਇਤਿਹਾਸ ਬਾਰੇ ਬਿਲਕੁਲ ਕੋਰਾ ਹੈ। ਸਮੁੱਚੇ ਸਾਹਿਤਕਾਰਾਂ ਦਾ ਵਿਚਾਰ ਸੀ ਕਿ ਨਾਮਧਾਰੀ ਪੰਥ ਦਾ ਇਤਿਹਾਸ ਦੇਸ਼ ਦੀ ਸੁਤੰਤਰਤਾ ਵਾਸਤੇ ਕੀਤੀਆਂ ਕੁਰਬਾਨੀਆਂ ਦਾ ਇਕ ਵਡਮੁੱਲਾ ਖਜ਼ਾਨਾ ਹੈ। ਨਾਮਧਾਰੀ ਪੰਥ, ਮਨੁੱਖ ਮਾਤਰ ਦੀ ਭਲਾਈ ਵਾਸਤੇ ਕੀਤੇ ਮਹਾਨ ਯੋਗਦਾਨ ਨਾਲ ਭਰਪੂਰ, ਇਕ ਅਮੀਰ ਵਿਰਸੇ ਦਾ ਮਾਲਿਕ ਹੈ। ਪਰ ਦੇਸ਼ ਦੀ ਆਜ਼ਾਦੀ ਵਿਚ ਨਾਮਧਾਰੀਆਂ ਦਾ ਏਡਾ ਵੱਡਾ ਯੋਗਦਾਨ ਹੋਣ ਦੇ ਬਾਵਜੂਦ, ਇਹਨਾਂ ਦਾ ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਵਿਚ ਕਿਧਰੇ ਕੋਈ ਨਾਮ ਨਹੀਂ। ਕਈ ਸਾਹਿਤਕਾਰ ਸੱਜਣਾਂ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਨਾਮਧਾਰੀ ਆਪਣੇ ਵਿਰਸੇ ਬਾਰੇ ਵਧਾ ਚੜ੍ਹਾ ਕੇ ਦਸਦੇ ਹਨ, ਵਰਨਾ ਏਨਾ ਅਮੀਰ ਵਿਰਸਾ ਹੋਵੇ ਅਤੇ ਦੇਸ਼ ਵਾਸੀਆ ਨੂੰ ਇਸ ਦੀ ਖਬਰ ਤੱਕ ਨਾ ਹੋਵੇ। ਇਹ ਕਿੱਦਾਂ ਹੋ ਸਕਦਾ ਹੈ। ਇਸ ਤੋਂ ਇਲਾਵਾ ਸਾਹਿਤਕਾਰਾਂ ਨੇ ਕੁਝ ਸੁਝਾਅ ਵੀ ਦਿੱਤੇ ਜੋ ਇਸ ਪ੍ਰਕਾਰ ਹਨ—ਜੰਮੂ ਯੂਨੀਵਰਸਿਟੀ ਵਿਚ ਗੁਰੂ ਰਾਮ ਸਿੰਘ ਚਿਅਰ ਕਾਇਮ ਕਰਵਾਈ ਜਾਵੇ। ਸਾਹਿਤਕਾਰ ਸੱਜਨਾਂ ਨੂੰ ਨਾਮਧਾਰੀ ਲਹਿਰ ਬਾਰੇ ਲਟਰੇਚਰ ਮੁਹੱਈਆ ਕਰਵਾਇਆ ਜਾਵੇ ਅਤੇ ਫਿਰ ਇਹਨਾਂ ਸਾਹਿਤਕਾਰਾਂ ਪਾਸੋਂ ਨਾਮਧਾਰੀ ਅੰਦੋਲਨ ਬਾਰੇ ਪੇਪਰ ਲਿਖਵਾ ਕੇ ਸਾਹਿਤਕ ਗੋਸ਼ਟੀਆਂ ਵਿਚ ਪੜ੍ਹੇ ਜਾਣ, ਵਗੈਰਾ ਵਗੈਰਾ। ਇਸ ਤੋਂ ਬਾਅਦ ਆਏ ਸਾਹਿਤਕਾਰ ਸੱਜਣਾਂ ਦੀ ਨਾਮਧਾਰੀ ਪ੍ਰੰਪਰਾ ਅਨੁਸਾਰ ਜਲ-ਪਾਨ ਦੁਆਰਾ ਭਰਪੂਰ ਸੇਵਾ ਕੀਤੀ ਗਈ। ਅਗਲੇ ਦਿਨ ਸੰਤ ਦਲੀਪ ਸਿੰਘ ਜੀ ਨੂੰ ਨਾਲ ਲੈ ਕੇ ਸਥਾਨਕ ਵਿਦਿਅਕ ਜਥੇ ਦੇ ਪ੍ਰਧਾਨ ਡਾਕਟਰ ਤਰਨ ਸਿੰਘ ਅਤੇ ਕੁਝ ਹੋਰ ਸੱਜਣ ਯੂਨੀਵਰਸਿਟੀ ਗਏ, ਅਤੇ ਪੰਜਾਬੀ ਵਿਭਾਗ ਦੇ ਮੁਖੀ ਡਾਕਟਰ ਦਵਿੰਦਰ ਸਿੰਘ ਨਾਲ ਵਿਚਾਰ ਸਾਂਝੇ ਕੀਤੇ। ਡਾਕਟਰ ਦਵਿੰਦਰ ਸਿੰਘ ਜੀ ਨੇ ਉਪਰ ਦਿੱਤੇ ਸੁਝਾਵਾਂ ਤੋਂ ਛੁੱਟ ਇਹ ਸੁਝਾਅ ਦਿੱਤਾ ਕਿ ਨਾਮਧਾਰੀ ਲਹਿਰ ਦੇ ਸਾਹਿਤਕ ਪੱਖ ਬਾਰੇ ਸਕਾਲਰਾਂ ਪਾਸੋਂ ਜੰਮੂ ਵਿਸ਼ਵ ਵਿਦਿਆਲੇ ਵਲੋਂ ਖੋਜ ਪੱਤਰ ਲਿਖਵਾਏ ਜਾਣ ਅਤੇ ਇਕ ਪੁਸਤਕ ਦੀ ਸ਼ਕਲ ਵਿਚ ਵਿਸ਼ਵ-ਵਿਦਿਆਲੇ ਵਲੋਂ ਪ੍ਰਕਾਸ਼ਤ ਕਰਵਾਏ ਜਾਣ। ਇਸ ਕਾਰਜ ਸਿੱਧੀ ਵਾਸਤੇ ਡਾਕਟਰ ਦਵਿੰਦਰ ਸਿੰਘ ਜੀ ਨੇ ਆਪਣਾ ਪੂਰਾ ਪੂਰਾ ਸਹਿਯੋਗ ਦੇਣ ਦਾ ਵਾਇਦਾ ਕੀਤਾ।

## ਹੱਲੇ ਦੇ ਦੀਵਾਨ ਨਾਲ ਸਭਿਆਚਾਰਕ ਮੇਲੇ ਦਾ ਉਦਘਾਟਨ

ਬਸੰਤ ਪੁਰਬ ਤੋਂ ਬਾਅਦ ਪੰਜ ਸੱਤ ਦਿਨ ਜਥੇਦਾਰ ਨਰਿੰਜਨ ਸਿੰਘ ਜੀ ਨੇ ਨਾਮਧਾਰੀ ਘਰਾਂ ਵਿਚ ਰਾਤ ਨੂੰ ਨਾਮ-ਧਾਰੀਆਂ ਦੀ ਮਖਸੂਸ ਸ਼ੈਲੀ ਵਿਚ ਹੱਲੇ ਦੇ ਦੀਵਾਨ ਸਜਾਏ।



Sri Satguru Jagjit Singh Ji eLibrary NamdhariElibrary@gmail.com



(ਉਪਰ) ਜੰਮੂ ਦੇ ਅਭਿਨਵ ਥੀਏਟਰ ਵਿਚ ਬਲਰਾਜ ਸਾਹਨੀ ਪੰਜਾਬੀ ਰੰਗਮੰਚ ਵਲੋਂ ਤਿੰਨ ਦਿਨਾਂ ਸਭਿਆਚਾਰਕ ਮੇਲਾ ਕੀਤਾ ਗਿਆ । ਮੇਲੇ ਦੀ ਸ਼ੁਰੂਆਤ ੩ ਅਪਰੈਲ ੧੯੯੨ ਨੂੰ ਨਾਮਧਾਰੀ ਬੱਚਿਆਂ ਦੁਆਰਾ ਹੱਲੇ ਦੇ ਦੀਵਾਨ ਨਾਲ ਕੀਤੀ ਗਈ ।

(ਥੱਲੇ) ਜੰਮੂ ਵਿਚ ਕੂਕਾ ਅੰਦੋਲਨ ਤੇ ਹੋਈ ਸਾਹਿਤਕ ਗੋਸ਼ਟੀ ਦਾ ਦ੍ਰਿਸ਼ ।

ਜਿਸ ਤੋਂ ਪ੍ਰਭਾਵਤ ਹੋ ਕੇ "ਬਲਰਾਜ ਸਾਹਨੀ ਪੰਜਾਬੀ ਰੰਗ ਮੰਚ" ਦੇ ਪ੍ਰਧਾਨ ਕਿਰਪਾਲ ਸਿੰਘ 'ਕਸਾਲੀ' ਜੀ ਨੇ ਅਪਰੈਲ ਦੇ ਪਹਿਲੇ ਹਫਤੇ ਹੋ ਰਹੇ ਤਿੰਨ ਰੋਜ਼ਾ ਸਭਿਆਚਾਰਕ ਮੇਲੇ ਦਾ ਉਦਘਾਟਨ ਹੱਲੇ ਦੇ ਦੀਵਾਨ ਦੀ ਇਕ ਝਲਕ ਨਾਲ ਕਰਨ ਵਾਸਤੇ ਬੇਨਤੀ ਕੀਤੀ । ਜਿਸ ਨੂੰ ਜੰਮੂ ਨਿਵਾਸੀ ਸਾਧ ਸੰਗਤ ਨੇ ਪ੍ਰਵਾਨ ਕਰ ਲਿਆ, ਅਤੇ ੩-੪-੫ ਅਪਰੈਲ ਨੂੰ ਹੋ ਰਹੇ ਸਭਿਆਚਾਰਕ ਮੇਲੇ ਦੇ ਉਦਘਾਟਨੀ ਸਮਾਰੋਹ ਤੇ ੩-੪-੯੨ ਨੂੰ ਕਲਚਰਲ ਅਕਾਦਮੀ ਦੇ ਅਭਿਨਵ ਥੀਏਟਰ ਵਿਚ ਨਾਮਧਾਰੀ ਬੱਚੀਆਂ ਅਤੇ ਬੱਚਿਆਂ ਨੇ ਨਾਮਧਾਰੀ ਢੰਗ ਨਾਲ ਹੱਲੇ ਦਾ ਦੀਵਾਨ ਸਜਾਇਆ ਅਤੇ ਦੇਸ਼ ਦੀ ਆਜ਼ਾਦੀ ਵਾਸਤੇ ਕੀਤੀਆਂ ਕੁਰਬਾਨੀਆਂ ਤੇ ਸੰਖੇਪ ਜੇਹੀ ਰੌਸ਼ਨੀ ਪਾਈ । ਜਿਸ ਨੂੰ ਦਰਸ਼ਕਾਂ ਨੇ ਬਹੁਤ ਸਲਾਹਿਆ ।

**'ਅਮਰ ਸਿੰਘ ਕੂਕਾ'**
**ਜੰਮੂ**



Sri Satguru Jagjit Singh Ji eLibrary NamdhariElibrary@gmail.com

# ਤੀਰਥ ਯਾਤਰਾ

**ਮੂਲ ਲੇਖਕ : ਲ. ਤਾਲਸਤਾਏ**

ਇਕ ਵਾਰੀ ਦੋ ਬਜ਼ੁਰਗਾਂ ਨੇ ਯੂਰੋਸ਼ਲਮ ਦੀ ਯਾਤਰਾ ਕਰ ਕੇ ਪਰਮਾਤਮਾ ਦੀ ਪੂਜਾ ਕਰਨ ਦਾ ਫੈਸਲਾ ਕੀਤਾ। ਉਹਨਾਂ ਵਿਚੋਂ ਇਕ, ਐਫਿਮ ਤਾਰਾਸੀਕ ਸ਼ੇਵੇਲੇਵ, ਇਕ ਖਾਂਦਾ ਪੀਂਦਾ ਕਿਸਾਨ ਸੀ। ਦੂਜਾ, ਐਲੀਸ਼ਾ ਬੋਦਰੋਵ ਇਤਨਾ ਸੌਖਾ ਨਹੀਂ ਸੀ।

ਐਫਿਮ ਇਕ ਦ੍ਰਿੜ੍ਹ ਅਤੇ ਗੰਭੀਰ ਬੰਦਾ ਸੀ। ਉਹ ਨਾ ਸ਼ਰਾਬ ਪੀਂਦਾ ਸੀ ਨਾ ਤੰਬਾਕੂ ਪੀਂਦਾ ਸੀ ਅਤੇ ਨਾ ਹੀ ਨਸਵਾਰ ਲੈਂਦਾ ਸੀ, ਅਤੇ ਨਾ ਹੀ ਜ਼ਿੰਦਗੀ ਵਿਚ ਕਦੇ ਕੋਈ ਦੁਰਵਚਨ ਵਰਤਿਆ ਸੀ। ਦੋ ਵਾਰ ਉਹ ਪਿੰਡ ਦਾ ਮੁਖੀਆ ਰਿਹਾ ਅਤੇ ਜਦੋਂ ਉਹ ਵੱਖ ਹੋਇਆ ਤਾਂ ਉਸ ਦੇ ਹਿਸਾਬ ਖਾਤੇ ਸਭ ਸਹੀ ਸਨ। ਉਸ ਦਾ ਇਕ ਵੱਡਾ ਪਰਿਵਾਰ ਸੀ, ਦੋ ਪੁਤਰ ਅਤੇ ਇਕ ਵਿਆਹਿਆ ਵਰ੍ਹਿਆ ਪੋਤਰਾ ਸੀ, ਇਹ ਸਾਰੇ ਉਸ ਦੇ ਨਾਲ ਹੀ ਰਹਿੰਦੇ ਸਨ।

ਉਹ ਸੇਹਤਮੰਦ ਸੀ, ਲੰਬੀ ਦਾੜ੍ਹੀ ਸੀ ਅਤੇ ਸਰੀਰ ਸਿੱਧਾ ਸਲੋਟ ਸੀ, ਅਤੇ ਸਠ ਵਰ੍ਹਿਆਂ ਤੋਂ ਬਾਅਦ ਹੀ ਉਸ ਦੀ ਦਾੜ੍ਹੀ ਵਿਚ ਟਾਂਵਾਂ-ਟਾਂਵਾਂ ਕੋਈ ਧੌਲਾ ਵਾਲ ਨਜ਼ਰ ਆਣ ਲੱਗਾ ਸੀ।

ਐਲੀਸ਼ਾ ਨਾ ਹੀ ਧਨੀ ਸੀ ਅਤੇ ਨਾ ਹੀ ਗ਼ਰੀਬ ਨਿਰਧਨ। ਪਹਿਲਾਂ ਪਹਿਲ ਉਹ ਤਰਖਾਣਾ ਕੰਮ ਕੀਤਾ ਕਰਦਾ ਸੀ ਪਰ ਹੁਣ ਬੁਢਾ ਹੋ ਜਾਣ ਕਰ ਕੇ ਉਹ ਘਰ ਹੀ ਰਹਿੰਦਾ ਸੀ ਅਤੇ ਸ਼ਹਿਦ ਦੀਆਂ ਮੱਖੀਆਂ ਪਾਲਦਾ ਹੁੰਦਾ ਸੀ। ਉਸ ਦੇ ਪੁਤਰਾਂ ਵਿਚੋਂ ਇਕ ਕੰਮ ਦੀ ਭਾਲ ਵਿਚ ਚਲਿਆ ਗਿਆ ਸੀ ਅਤੇ ਦੂਜਾ ਘਰ ਹੀ ਰਹਿੰਦਾ ਸੀ। ਐਲੀਸ਼ਾ ਇਕ ਖੁਸ਼ ਰਹਿਣਾ ਦਿਆਲੂ ਬੰਦਾ ਸੀ। ਇਹ ਤਾਂ ਸੱਚ ਹੈ ਕਿ ਉਹ ਕਦੇ ਕਦਾਈਂ ਦਾਰੂ ਛਕ ਲੈਂਦਾ ਸੀ, ਉਹ ਨਸਵਾਰ ਵੀ ਵਰਤਦਾ ਸੀ ਅਤੇ ਗਾਣ ਦਾ ਸ਼ੌਕੀਨ ਸੀ, ਪਰ ਉਹ ਇਕ ਅਮਨ ਪਸੰਦ ਬੰਦਾ ਸੀ ਅਤੇ ਉਹ ਆਪਣੇ ਪਰਿਵਾਰ ਤੇ ਗੁਆਂਢੀਆਂ ਨਾਲ ਬਣਾ ਕੇ ਰੱਖਦਾ ਸੀ। ਉਹ ਮਧਰਾ ਅਤੇ ਮੁਸ਼ਕੀ ਰੰਗ ਦਾ ਸੀ, ਦਾੜ੍ਹੀ ਘੁੰਗਰਾਲੀ ਸੀ ਅਤੇ ਸਿਰ ਤੋਂ ਉਹ ਗੰਜਾ ਸੀ।

ਢੇਰ ਸਮਾਂ ਪਹਿਲਾਂ ਦੋਹਾਂ ਬਜ਼ੁਰਗਾਂ ਨੇ ਇਕ ਸੁਖਣਾ ਸੁੱਖੀ ਸੀ ਕਿ ਇਕੱਠੇ ਯੂਰੋਸ਼ਲਮ ਦੀ ਯਾਤਰਾਂ ਤੇ ਜਾਣਗੇ, ਐਫਿਮ ਕਦੇ ਵੇਲ੍ਹ ਹੀ ਨਹੀਂ ਸੀ ਕੱਢ ਸਕਿਆ, ਉਸ ਦੇ ਪਾਸ ਹਮੇਸ਼ਾ ਹੀ ਬਹੁਤ ਸਾਰਾ ਕੰਮ ਕਰਨ ਵਾਲਾ ਹੁੰਦਾ ਸੀ। ਇਕ ਕੰਮ ਮੁਕਦਾ ਨਹੀਂ ਕਿ ਉਹ ਦੂਜਾ ਛੋਹ ਲੈਂਦਾ। ਪਹਿਲਾਂ ਉਸ ਨੇ ਆਪਣੇ ਪੋਤੇ ਦੇ ਵਿਆਹ ਦਾ ਸਾਰਾ ਪ੍ਰਬੰਧ ਕਰਨਾ ਸੀ। ਫੇਰ ਉਸ ਨੂੰ ਆਪਣੇ ਸਭ ਤੋਂ ਨਿੱਕੇ ਪੁਤਰ ਦੇ ਸੈਨਾ ਤੋਂ ਪਰਤਣ ਦੀ ਉਡੀਕ ਸੀ ਅਤੇ ਉਸ ਤੋਂ ਉਪਰੰਤ ਉਹ ਨਵੀਂ ਛੰਨ ਦੀ ਉਸਾਰੀ ਵਿਚ ਜੁੱਟ ਗਿਆ।

ਇਕ ਛੁੱਟੀ ਵਾਲੇ ਦਿਨ ਦੋਵੇਂ ਬਜ਼ੁਰਗ ਛੰਨ ਦੇ ਬਾਹਰਵਾਰ ਮਿਲੇ, ਅਤੇ ਇਕ ਖੁੰਢ ਤੇ ਬੈਠਦਿਆਂ ਹੋਇਆਂ ਗੱਲੀਂ ਜੁਟ ਪਏ।

"ਫੇਰ ਐਲੀਸ਼ਾ ਨੇ ਪੁਛਿਆ, ਆਪਣੀ ਸੁਖ ਕਦੋਂ ਪੂਰੀ ਕਰਨੀ ਹੈ ਆਪਾਂ ?"

ਐਫਿਮ ਦੀ ਗਰਦਨ ਝੁੱਕ ਗਈ।

"ਆਪਾਂ ਨੂੰ ਅਜੇ ਰੁਕਣਾ ਹੋਵੇਗਾ, ਉਸ ਨੇ ਕਿਹਾ ਮੇਰੇ ਲਈ ਇਹ ਵਰ੍ਹਾ ਮੁਸ਼ਕਲਾਂ ਭਰਿਆ ਹੈ। ਮੈਂ ਇਹ ਸੋਚ ਕੇ ਇਹ ਛੰਨ ਉਸਾਰਨੀ ਸ਼ੁਰੂ ਕੀਤੀ ਸੀ ਕਿ ਮੇਰਾ ਸੌ ਕੁ ਰੂਬਲ ਖ਼ਰਚ ਆਵੇਗਾ ਇਸ ਤੇ, ਪਰ ਹੁਣ ਤਿੰਨ ਸੌ ਤਾਂ ਖਰਚ ਹੋ ਹੀ ਗਏ ਹਨ ਇਹ ਅਜੇ ਪੂਰੀ ਨਹੀਂ ਹੋਈ। ਆਪਾਂ ਨੂੰ ਸਿਆਲ ਤੀਕ ਉਡੀਕ ਕਰਨੀ ਪਵੇਗੀ। ਸਿਆਲ ਵਿਚ, ਜੇਕਰ ਰੱਬ ਨੇ ਚਾਹਿਆ ਤਾਂ, ਆਪਾਂ ਜ਼ਰੂਰ ਚੱਲਾਂਗੇ।"

"ਮੈਂ ਸਮਝਦਾ ਹਾਂ ਕਿ ਆਪਾਂ ਹੁਣ ਇਹ ਹੋਰ ਅੱਗੇ ਨਾ ਪਾਈਏ ਬਸ ਚਾਲੇ ਪਾ ਹੀ ਦੇਣੇ ਚਾਹੀਦੇ ਹਨ", ਐਲੀਸ਼ਾ ਨੇ ਕਿਹਾ। "ਬਹਾਰ ਦਾ ਮੌਸਮ ਹੀ ਵਧੀਆਂ ਹੁੰਦਾ ਹੈ।"

"ਇਹ ਤਾਂ ਠੀਕ ਹੈ ਪਰ ਮੇਰੀ ਛੰਨ ਦਾ ਕੀ ਬਣੇਗਾ ? ਮੈਂ ਉਹਨੂੰ ਛੱਡ ਕੇ ਕਿਵੇਂ ਜਾਵਾਂ ?"

"ਲੈ ਜਿਵੇਂ ਹੋਰ ਕੋਈ ਹੈ ਨਹੀਂ। ਤੇਰਾ ਪੁਤਰ ਜੁ ਹੈ ਪਿਛੇ।"

"ਕਿਵੇਂ ਛੱਡਾਂ, ਮੇਰਾ ਪੁਤਰ ਭਰੋਸੇਯੋਗ ਨਹੀਂ ਹੈ, ਉਹ ਕਦੇ ਕਦਾਈਂ ਕੁਛ ਵਧੇਰੇ ਹੀ ਦਾਰੂ ਚਾੜ੍ਹ ਜਾਂਦਾ ਹੈ।"

"ਲੈ, ਸਾਡੇ ਮਰਨ ਮਗਰੋਂ ਵੀ ਤਾਂ ਉਹਨਾਂ ਨੇ ਸਾਰਨਾ ਹੀ ਹੈ ਨਾ। ਕਿਉਂ ਨਾ ਤੇਰਾ ਪੁਤਰ ਹੁਣੇ ਆਰੰਭ ਕਰ ਕੇ ਤਜਰਬਾ ਪ੍ਰਾਪਤ ਕਰੇ।"

"ਇਹ ਤਾਂ ਸਹੀ ਹੈ, ਪਰ ਜਦੋਂ ਕੋਈ ਕਿਸੇ ਚੀਜ਼



Sri Satguru Jagjit Singh Ji eLibrary NamdhariElibrary@gmail.com

ਦਾ ਆਰੰਭ ਕਰਦਾ ਹੈ ਤਾਂ ਉਸ ਦਾ ਪੂਰਾ ਹੋਣਾ ਵੀ ਦੇਖਣਾ ਲੋੜਦਾ ਹੈ।"

"ਭਲਿਆ ਲੋਕਾ ਕਦੇ ਬੰਦੇ ਦੇ ਕੰਮ ਵੀ ਮੁੱਕੇ ਹਨ? ਅਜੇ ਕਲ੍ਹ ਹੀ ਤ੍ਰੀਮਤਾਂ ਧੁਲਾਈ ਲਿਪਾਈ ਕਰ ਰਹੀਆਂ ਸਨ ਈਸਟਰ ਦੇ ਤਿਉਹਾਰ ਲਈ। ਏਥੇ ਉੱਥੇ ਕੁਝ ਨਾ ਕੁਝ ਕਰਨ ਗੋਚਰਾ ਹੁੰਦਾ ਹੀ ਫੇਰ ਵੀ ਕੰਮ ਮੁੱਕਦਾ ਨਹੀਂ ਹੈ। ਮੇਰੀ ਵੱਡੀ ਨੂੰਹ, ਜੋ ਕਿ ਬਹੁਤ ਸਿਆਣੀ ਸੁਆਣੀ ਹੈ, ਕਹਿੰਦੀ ਹੁੰਦੀ ਹੈ "ਸਾਨੂੰ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਤਹਿਵਾਰ ਸਾਡੀ ਉਡੀਕ ਨਹੀਂ ਕਰਦੇ ਆਉਣ ਲਈ, ਨਹੀਂ ਭਾਵੇਂ ਅਸੀਂ ਕਿੰਨਾ ਵੀ ਤ੍ਰਾਣ ਲਗਾ ਲਈਏ, ਕਦੇ ਵੀ ਇਹਨਾਂ ਦੇ ਲਈ ਤਿਆਰ ਨਹੀਂ ਹੋ ਸਕਦੇ।"

ਐਫਿਮ ਸੋਚੀਂ ਪੈ ਗਿਆ।

"ਮੈਂ ਇਸ ਉਸਾਰੀ ਤੇ ਚੋਖੀ ਰਕਮ ਖ਼ਰਚ ਚੁੱਕਾ ਹਾਂ," ਉਸ ਨੇ ਕਿਹਾ।

"ਨਾਲੇ ਫੇਰ ਖਾਲੀ ਜੇਬ ਤਾਂ ਯਾਤਰਾ ਤੇ ਜਾਇਆ ਨਹੀਂ ਜਾ ਸਕਦਾ। ਘੱਟੋ-ਘੱਟ ਸੌ ਰੂਬਲਾਂ ਦੀ ਲੋੜ ਤਾਂ ਹੋਵੇਗੀ ਹੀ ਅਤੇ ਇਹ ਕੋਈ ਨਿੱਕੀ ਰਕਮ ਤਾਂ ਹੈ ਨਹੀਂ।"

ਐਲੀਸ਼ਾ ਦਾ ਹਾਸਾ ਨਿਕਲ ਗਿਆ।

"ਲੈ, ਛੱਡ ਪਰੇ ਯਾਰ" ਉਸ ਨੇ ਕਿਹਾ। "ਤੇਰੇ ਪਾਸ ਮੇਰੇ ਨਾਲੋਂ ਦਸ ਗੁਣੀ ਪੂੰਜੀ ਹੈ, ਫੇਰ ਵੀ ਰਕਮ ਦਾ ਰੋਣਾ ਹੈ। ਬਸ ਹੁਣ ਤਾਂ ਇਹ ਦਸ ਕਿ ਚਲਨਾ ਕਦੋਂ ਹੈ, ਭਾਵੇਂ ਕਿ ਹਾਲੇ ਮੇਰੇ ਪਾਸ ਕੌਡੀ ਵੀ ਨਹੀਂ ਹੈ, ਉਸ ਸਮੇਂ ਤੀਕ ਹੋ ਜਾਵੇਗਾ।"

ਐਫਿਮ ਵੀ ਮੁਸਕਰਾਇਆ।

"ਸੱਜਣ ਜੀ, ਮੈਨੂੰ ਨਹੀਂ ਸੀ ਪਤਾ ਤੂੰ ਏਨਾ ਮਾਲਦਾਰ ਹੈਂ," ਉਸ ਨੇ ਕਿਹਾ। "ਕਿਥੋਂ ਹੱਥ ਲੱਗੇਗੀ ਇਹ ਰਕਮ?"

"ਕੁਛ ਤਾਂ ਘਰੋਂ ਹੀ ਬਣ ਜਾਵੇਗੀ ਖੁਰਚਿਆਂ ਭਾਲਿਆਂ, ਜੇ ਕਰ ਇਹ ਕਾਫੀ ਨਾ ਹੋਇਆ ਤਾਂ ਮੈਂ ਦਸ ਕੁ ਸ਼ਹਿਦ ਛੱਤੇ ਆਪਣੇ ਗੁਆਂਢੀ ਨੂੰ ਵੇਚ ਦਿਆਂਗਾ। ਉਹ ਦੇਰ ਤੋਂ ਖਰੀਦਣ ਦਾ ਚਾਹਵਾਨ ਹੈ।"

"ਜੇ ਕਰ ਇਸ ਵਰ੍ਹੇ ਬੱਚੇ ਵਧੇਰੇ ਨਿਕਲੇ ਫੇਰ ਤੂੰ ਝੁਰੇਂਗਾ।"

"ਝੁਰਾਂਗਾ, ਨਾ ਬਈ ਨਾ। ਮੈਂ ਜ਼ਿੰਦਗੀ ਵਿਚ ਕਦੇ ਵੀ ਕਿਸੇ ਗੱਲ ਤੇ ਝੁਰਿਆ ਨਹੀਂ, ਸਿਵਾਏ ਆਪਣੇ ਪਾਪਾਂ ਦੇ। ਆਤਮਾ ਤੋਂ ਵਧ ਮੁੱਲਵਾਨ ਕੁਝ ਵੀ ਨਹੀਂ ਹੈ।"

"ਇਹ ਤਾਂ ਹੈ, ਫੇਰ ਵੀ ਪਿਛੇ ਘਰ ਦੇ ਮਾਮਲੇ ਨੂੰ ਬੇਧਿਆਨਾ ਕਰਨਾ ਵੀ ਸਹੀ ਨਹੀਂ ਹੈ।"

"ਪਰ ਜੇ ਕਰ ਆਪਣੀਆਂ ਆਤਮਾਵਾਂ ਹੀ ਬੇ-ਧਿਆਨੀਆਂ ਹੋ ਜਾਣ ਫੇਰ? ਇਹ ਤਾਂ ਬਹੁਤ ਭੈੜੀ ਗੱਲ ਹੈ। ਆਪਾਂ ਨੇ ਸੁਖਿਆ ਸੀ ਇਸ ਲਈ ਜਾਣਾ ਚਾਹੀਦਾ ਹੈ। ਹੁਣ, ਸੱਚੀ ਗੱਲ ਹੈ ਜਾਣਾ ਹੀ ਚਾਹੀਦਾ ਹੈ।"

੨

ਐਲੀਸ਼ਾ ਆਪਣੇ ਸਾਥੀ ਨੂੰ ਮਨਾਉਣ ਵਿਚ ਸਫਲ ਹੋ ਗਿਆ। ਸਵੇਰੇ, ਚੰਗੀ ਤਰ੍ਹਾਂ ਨਾਲ ਸੋਚ ਵਿਚਾਰ ਕਰਨ ਉਪਰੰਤ, ਐਫਿਮ ਐਲੀਸਾ ਪਾਸ ਆਇਆ।

"ਤੂੰ ਠੀਕ ਕਹਿੰਦਾ ਹੈਂ," ਉਸ ਨੇ ਆ ਕੇ ਕਿਹਾ, "ਆਪਾਂ ਚੱਲੀਏ, ਜ਼ਿੰਦਗੀ ਅਤੇ ਮੌਤ ਵਿਧਾਤਾ ਦੇ ਅਖਤਿਆਰ ਵਿਚ ਹੈ। ਆਪਣੇ ਜੀਂਦੇ ਜੀਅ ਆਪਾਂ ਨੂੰ ਹੁਣ ਜਾਣਾ ਹੀ ਚਾਹੀਦਾ ਹੈ।"

ਇਕ ਹਫਤੇ ਬਾਅਦ ਦੋਵੇਂ ਬਜ਼ੁਰਗ ਚਲਣ ਦੇ ਲਈ ਤਿਆਰ ਸਨ। ਐਫਿਮ ਦੇ ਪਾਸ ਲੋੜ ਅਨੁਸਾਰ ਪੈਸੇ ਹੈ ਸਨ। ਉਸ ਨੇ ਇਕ ਸੌ ਰੂਬਲ ਪਾਸ ਰੱਖੇ ਅਤੇ ਦੋ ਸੌ ਆਪਣੀ ਪਤਨੀ ਦੇ ਪਾਸ ਦੇ ਦਿੱਤੇ।

ਐਲੀਸ਼ਾ ਵੀ ਤਿਆਰ ਹੋ ਗਿਆ। ਉਸ ਨੇ ਆਪਣੇ ਗੁਆਂਢੀ ਨੂੰ ਦਸ ਸ਼ਹਿਦ ਛੱਤੇ ਵੇਚ ਦਿੱਤੇ ਸਮੇਤ ਉਸ ਬੱਚ ਦੇ ਜੇਹੜਾ ਕਿ ਉਹ ਛੱਤੇ ਗਰਮੀਆਂ ਤੋਂ ਪਹਿਲਾ ਪੈਦਾ ਕਰਨਗੇ। ਇਹਨਾਂ ਦੇ ਉਸ ਨੇ ਸੱਤਰ ਰੂਬਲ ਲਏ। ਬਾਕੀ ਦੇ ਸੌ ਰੂਬਲ ਉਸ ਨੇ ਘਰ ਦੇ ਹੋਰ ਮੈਂਬਰਾਂ ਤੋਂ ਲਏ। ਉਸ ਦੀ ਪਤਨੀ ਨੇ ਉਸ ਨੂੰ ਉਹ ਸਾਰੇ ਪੈਸੇ ਦੇ ਦਿੱਤੇ ਜੇਹੜੇ ਕਿ ਉਸ ਨੇ ਆਪਣੇ ਮਰਨੇ ਉਪਰੰਤ ਦੇ ਖਰਚੇ ਲਈ ਰੱਖੇ ਹੋਏ ਸਨ, ਉਸ ਦੀ ਨੂੰਹ ਨੇ ਵੀ ਆਪਣੀ ਗੱਝ ਦੇ ਪੈਸੇ ਸਾਰੇ ਉਸ ਨੂੰ ਦੇ ਦਿੱਤੇ।

ਐਫਿਮ ਨੇ ਆਪਣੇ ਸਭ ਤੋਂ ਵੱਡੇ ਪੁਤਰ ਨੂੰ ਸਭ ਕੁਝ ਦੇ ਬਾਰੇ ਨਿਸ਼ਚਿਤ ਹੁਕਮ ਦੇ ਦਿੱਤੇ—ਕਦੋਂ ਅਤੇ ਕਿੰਨਾ ਘਾਹ ਕਟਣਾ ਹੈ, ਰੂੜੀ ਕਿਥੇ ਢੋ ਕੇ ਰੱਖਣੀ ਹੈ, ਛੱਨ ਨੂੰ ਕਿਵੇਂ ਛੱਤਣਾ ਹੈ ਅਤੇ ਪੂਰਾ ਕਰਨਾ ਹੈ। ਉਸ ਨੇ ਸਭ ਕੁਝ ਸੋਚ ਵਿਚਾਰ ਕੇ ਢੁਕਵੀਆਂ ਹਦਾਇਤਾਂ ਦੇ ਦਿੱਤੀਆਂ। ਦੂਜੇ ਪਾਸੇ ਐਲੀਸ਼ਾ ਨੇ ਕੇਵਲ ਆਪਣੀ ਪਤਨੀ ਨੂੰ ਇਹ ਸਮਝਾਇਆ ਕਿ ਉਹ ਵੇਚੇ ਗਏ ਸ਼ਹਿਦ ਛੱਤਿਆਂ ਦੇ ਬੱਚ ਨੂੰ ਵੱਖ ਰੱਖੇ ਅਤੇ ਬਿਨਾਂ ਕਿਸੇ ਹੇਰੀ ਫੇਰੀ ਤੋਂ ਗੁਆਂਢੀ ਨੂੰ ਪੁਚਾ ਦੇਵੇ। ਜਿਥੋਂ ਤੀਕ ਘਰੇਲੂ ਕੰਮਕਾਰ ਦਾ ਸਵਾਲ ਸੀ, ਉਸ ਨੇ ਉਸ ਦਾ ਕੋਈ ਜ਼ਿਕਰ ਤਕ ਨਾ ਕੀਤਾ।

"ਲੋੜ ਅਤੇ ਸਮੇਂ ਮੁਤਾਬਕ ਜਿਵੇਂ ਕਰਨਾ ਹੋਇਆ ਤੁਸੀਂ ਕਰਦੇ ਵਰਤਦੇ ਰਹਿਣਾ," ਉਸ ਨੇ ਕਿਹਾ ਸੀ,



Sri Satguru Jagjit Singh Ji eLibrary NamdhariElibrary@gmail.com

"ਤੁਸੀਂ ਸਿਆਣੇ ਹੋ ਅਤੇ ਉਹੋ ਕੁਝ ਦੇਖ ਭਾਲ ਕੇ ਕਰੋਗੇ ਜੋ ਕੁਝ ਤੁਹਾਡੇ ਲਈ ਠੀਕ ਹੋਵੇਗਾ।"

ਇੰਝ ਦੋਵੇਂ ਬਜ਼ੁਰਗ ਤਿਆਰ ਹੋ ਗਏ। ਉਹਨਾਂ ਦੇ ਲੋਕਾਂ ਨੇ ਉਹਨਾਂ ਦੇ ਲਈ ਕੇਕ ਤਿਆਰ ਕਰ ਕੇ ਦਿੱਤੇ, ਝੋਲੇ ਥੈਲੇ ਬਣਾਏ ਅਤੇ ਤਿਆਰੀ ਕੀਤੀ। ਉਹਨਾਂ ਨੇ ਚਮੜੇ ਦੀਆਂ ਨਵੀਆਂ ਜੁੱਤੀਆਂ ਪਹਿਨੀਆਂ, ਰੁੱਖਾਂ ਦੀ ਛਿੱਲ ਦੀਆਂ ਬੁਣੀਆਂ ਹੋਈਆਂ ਜੁੱਤੀਆ, ਵਾਧੂ, ਆਪਣੇ ਨਾਲ ਲੈ ਲਈਆਂ। ਪਿੰਡ ਦੇ ਬਾਹਰਵਾਰ ਤੱਕ ਘਰਾਂ ਦੇ ਜੀਅ ਉਹਨਾਂ ਨੂੰ ਵਿਦਾਅ ਕਰਨ ਲਈ ਗਏ, ਅਤੇ ਬਜ਼ੁਰਗ ਆਪਣੀ ਯਾਤਰਾ ਤੇ ਚੱਲ ਪਏ।

ਐਲੀਸ਼ਾ ਖੁਸ਼ੀ ਖੁਸ਼ੀ ਘਰੋਂ ਚਲਿਆ ਅਤੇ ਜਿਉਂ ਹੀ ਉਹ ਪਿੰਡ ਤੋਂ ਬਾਹਰ ਹੋਇਆ ਘਰ ਦੇ ਸਾਰੇ ਝਮੇਲਿਆਂ ਬਾਰੇ ਭੁਲ ਗਿਆ। ਉਹਦਾ ਇਕੋ ਇਕ ਇਹ ਧਿਆਨ ਸੀ ਕਿ ਆਪਣੇ ਸਾਥੀ ਨੂੰ ਕਿਵੇਂ ਸੌਖ ਪੁਚਾਵੇ ਕਿਵੇਂ ਕੋਈ ਗੁਸਤਾਖ ਸ਼ਬਦ ਕਿਸੇ ਲਈ ਨਾ ਵਰਤੇ, ਕਿਵੇਂ ਸੁਖ ਸ਼ਾਂਤੀ ਅਤੇ ਪ੍ਰੇਮ ਨਾਲ ਮੰਜ਼ਲ ਤੇ ਪੁਜੇ ਅਤੇ ਘਰ ਮੁੜਿਆ ਜਾਵੇ। ਰਾਹੇ ਰਾਹ ਚਲਦਿਆਂ ਹੋਇਆਂ ਐਲੀਸ਼ਾ ਭਜਨ ਕਰਦਾ ਸੀ। ਜਦੋਂ ਰਾਹ ਵਿਚ ਉਸ ਦਾ ਕਿਸੇ ਨਾਲ ਟਾਕਰਾ ਹੁੰਦਾ, ਜਾਂ ਰਾਤ ਲਈ ਕਿਤੇ ਵਿਸ਼ਰਾਮ ਕਰਦਾ, ਤਾਂ ਯਥਾ ਸੰਭਵ ਚੰਗਾ ਵਰਤਾ ਕਰਦਾ ਅਤੇ ਸ਼ੁਭ ਬਚਨ ਬੋਲਦਾ ਸੀ। ਇੰਝ ਉਹ ਖੁਸ਼ੀ-ਖੁਸ਼ੀ ਸਫ਼ਰ ਕਰਦਾ ਰਿਹਾ। ਹਾਂ, ਉਹ ਇਕ ਗੱਲ ਨਾ ਕਰ ਸਕਿਆ, ਉਹ ਨਸਵਾਰ ਲੈਣੀ ਨਾ ਛੱਡ ਸਕਿਆ। ਭਾਵੇਂ ਕਿ ਉਹ ਨਸਵਾਰ ਵਾਲੀ ਡੱਬੀ ਪਿਛੇ ਹੀ ਛੱਡ ਆਇਆ ਸੀ, ਉਹ ਇਸ ਲਈ ਸਹਿਕਦਾ ਰਿਹਾ। ਤਦ ਰਾਹ ਵਿਚ ਮਿਲੇ ਇਕ ਬੰਦੇ ਨੇ ਉਸ ਨੂੰ ਕੁਝ ਨਸਵਾਰ ਦਿੱਤੀ, ਵਾਰ ਵਾਰ ਉਹ ਪਿਛੇ ਰਹਿ ਜਾਂਦਾ (ਤਾਂ ਜੋ ਆਪਣੇ ਸਾਥੀ ਦੇ ਮਨ ਵਿਚ ਇਸ ਦੀ ਚਾਹ ਨਾ ਪੈਦਾ ਕਰ ਦੇਵੇ) ਅਤੇ ਨਸਵਾਰ ਦੀ ਚੁਟਕੀ ਲੈ ਲੈਂਦਾ।

ਐਫਿਮ ਵੀ ਠਰਮੇ ਅਤੇ ਦ੍ਰਿੜ੍ਹਤਾ ਨਾਲ ਚਲਦਾ ਰਿਹਾ, ਕੋਈ ਗਲਤੀ ਜਾਂ ਉਕਾਈ ਨਾ ਕਰਦਾ। ਕੋਈ ਵਾਧੂ ਗੱਲ ਨਾ ਕਰਦਾ, ਪਰ ਉਸ ਦਾ ਮਨ ਸ਼ਾਂਤ ਨਹੀਂ ਸੀ। ਘਰੇਲੂ ਕੰਮ-ਕਾਰ ਉਸ ਦੇ ਮਨ ਤੇ ਛਾਏ ਹੋਏ ਸਨ। ਘਰ ਵਿਚ ਕੀ ਹੋ ਰਿਹਾ ਹੋਵੇਗਾ। ਉਸ ਨੂੰ ਇਸ ਬਾਰੇ ਹੀ ਚਿੰਤਾ ਲੱਗੀ ਰਹਿੰਦੀ। ਉਸ ਨੂੰ ਇਹ ਜਾਂ ਉਹ ਹਦਾਇਤ ਆਪਣੇ ਪੁਤਰ ਨੂੰ ਨਾ ਦਿੱਤੇ ਜਾਣ ਦੀ ਚਿੰਤਾ ਸਤਾ ਰਹੀ ਸੀ। ਕੀ ਉਸ ਦਾ ਪੁਤਰ ਸਭ ਕੁਝ ਠੀਕ ਠਾਕ ਸੰਭਾਲ ਲਵੇਗਾ? ਰਾਹ ਚਲਦਿਆਂ ਹੋਇਆਂ ਜੇ ਕਰ ਉਹ ਕਿਧਰੇ ਆਲੂ ਬੀਜੇ ਜਾ ਰਹੇ ਦੇਖਦਾ ਜਾਂ ਰੂੜੀ ਢੋਈ ਜਾਂਦੀ ਦੇਖਦਾ ਤਾਂ ਸੋਚਦਾ ਕਿ ਪਤਾ ਨਹੀਂ ਉਸ ਦਾ ਪੁਤਰ ਉਸ ਦੀਆਂ ਹਦਾਇਤਾਂ ਅਨੁ-ਸਾਰ ਇਹ ਸਭ ਕੁਝ ਕਰ ਵੀ ਰਿਹਾ ਹੈ ਕਿ ਨਹੀਂ। ਉਸ ਦਾ ਮਨ ਪਰਤ ਜਾਣ ਲਈ ਤਰਲੋ ਮੱਛੀ ਰਹਿੰਦਾ ਤਾਂ ਜੋ ਇਹ ਦਿਖਲਾ ਸਕੇ ਕਿ ਕੰਮ ਕਿੰਝ ਕਰੀ ਦਾ ਹੈ, ਜਾਂ ਫੇਰ ਆਪ ਹੀ ਕਰ ਆਵੇ।

੩

ਬਜ਼ੁਰਗ ਪੰਜ ਹਫਤੇ ਪੈਦਲ ਚਲਦੇ ਰਹੇ, ਉਹਨਾਂ ਦੇ ਰੁੱਖਾਂ ਦੀ ਛਾਲ ਦੇ ਘਰ ਬਣਾਏ ਜੋੜੇ ਘਿਸ ਕੇ ਟੁੱਟ ਗਏ ਅਤੇ ਯੂਕਰੇਨ ਪਰਦੇਸ ਵਿਚ ਪੁੱਜ ਕੇ ਉਹਨਾਂ ਨੂੰ ਨਵੇਂ ਖਰੀਦਣੇ ਪਏ। ਘਰੋਂ ਚਲਣ ਸਮੇਂ ਤੋਂ ਲੈ ਕੇ ਉਹਨਾਂ ਨੂੰ ਰਾਹ ਵਿਚ ਖਾਣੇ ਅਤੇ ਰਾਤ ਕਟੀ ਲਈ ਪੈਸੇ ਦੇਣੇ ਪਏ ਸਨ ਪਰ ਜਦੋਂ ਉਹ ਯੂਕਰੇਨ ਪੁੱਜੇ ਤਾਂ ਲੋਕ ਇਕ ਦੂਜੇ ਤੋਂ ਪਹਿਲਾਂ ਉਹਨਾਂ ਨੂੰ ਆਪਣੇ ਪਾਸ ਰੁਕਣ ਲਈ ਕਹਿਣ ਲੱਗ ਪਏ। ਉਹ ਇਹਨਾਂ ਨੂੰ ਘਰੀਂ ਲੈ ਜਾਂਦੇ ਅਤੇ ਕੋਈ ਪੈਸਾ ਨਾ ਲੈਂਦੇ, ਇਸ ਤੋਂ ਵੀ ਵਧ, ਉਹ ਲੋਕ ਇਹਨਾਂ ਲਈ ਰਾਹ ਵਿਚ ਖਾਣ ਲਈ ਰੋਟੀਆਂ ਅਤੇ ਕੇਕ ਬਣਾ ਬਣਾ ਕੇ ਇਹਨਾਂ ਦੇ ਝੋਲਿਆਂ ਵਿਚ ਰੱਖ ਦਿੰਦੇ ਸਨ।

ਇਸ ਪ੍ਰਕਾਰ, ਬਿਨਾਂ ਕੁਝ ਖਰਚ ਕੀਤਿਆਂ ਬਜ਼ੁਰਗਾਂ ਨੇ ਪੰਜ ਸੌ ਮੀਲਾਂ ਦਾ ਸਫਰ ਤੈਅ ਕੀਤਾ, ਪਰ ਜਦੋਂ ਉਹ ਅਗਲੇ ਪ੍ਰਦੇਸ ਵਿਚ ਪੁੱਜੇ ਤਾਂ ਇਸ ਖੇਤਰ ਵਿਚ ਕਾਲ ਪਿਆ ਹੋਇਆ ਸੀ, ਫਸਲ ਨਹੀਂ ਸੀ ਹੋਈ। ਕਿਸਾਨ ਅਜੇ ਵੀ ਉਹਨਾਂ ਨੂੰ ਰਾਤ ਕਟੀ ਲਈ ਮੁਫ਼ਤ ਰੱਖਦੇ ਸਨ ਪਰ ਖਾਣ ਲਈ ਮੁਫਤ ਨਹੀਂ ਸਨ ਦੇ ਸਕਦੇ। ਕਈ ਵਾਰ ਤਾਂ ਹਾਲਤ ਇਹ ਹੁੰਦੀ ਕਿ ਪੈਸੇ ਦੇਣ ਤੇ ਵੀ ਕੋਈ ਖਾਣ ਯੋਗ ਚੀਜ਼ ਉਪਲਬਦ ਨਹੀਂ ਸੀ ਹੁੰਦੀ। ਲੋਕਾਂ ਨੇ ਦੱਸਿਆ ਕਿ ਇਸ ਵਰ੍ਹੇ ਫਸਲ ਬਿਲਕੁਲ ਨਹੀਂ ਸੀ ਹੋਈ ਅਤੇ ਇਸ ਤੋਂ ਪਹਿਲੇ ਵਰ੍ਹੇ ਵੀ ਨਹੀਂ ਸੀ ਹੋਈ। ਜੇਹੜੇ ਧਨੀ ਲੋਕ ਸਨ, ਉਹ ਤਬਾਹ ਹੋ ਗਏ ਅਤੇ ਆਪਣਾ ਸਭ ਕੁਝ ਉਹਨਾਂ ਨੂੰ ਵੇਚਣਾ ਪੈ ਗਿਆ। ਜੇਹੜੇ ਮੱਧ-ਵਰਗੀ ਸਨ ਉਹਨਾਂ ਦਾ ਭੈੜਾ ਹਾਲ ਸੀ, ਅਤੇ ਗਰੀਬ ਲੋਕ, ਜਿਨ੍ਹਾਂ ਨੇ ਖੇਤਰ ਤਿਆਗਿਆ ਨਹੀਂ ਸੀ, ਉਹ ਮੰਗਤੇ ਬਣ ਗਏ ਸਨ ਅਤੇ ਭੋਖੜੇ ਦੁਖੋਂ ਮਰ ਰਹੇ ਸਨ।

ਇਕ ਰਾਤੀਂ ਬਜ਼ੁਰਗ ਇਕ ਪਿੰਡ ਵਿਚ ਠਹਿਰੇ, ਉਹਨਾਂ ਪੰਦਰਾਂ ਪੌਂਡ ਦੀ ਰੋਟੀ (ਡਬਲ ਰੋਟੀ ਆਦਿ-ਉਲਥਾ-ਕਾਰ) ਖਰੀਦੀ, ਰਾਤੀਂ ਸੁੱਤੇ ਅਤੇ ਸੁਵਕਤੇ ਉੱਠ ਕੇ, ਤੇਜ਼ ਧੁੱਪ ਹੋ ਜਾਣ ਤੋਂ ਪਹਿਲਾਂ ਪਹਿਲਾਂ ਪੰਧ ਤੇ ਕਰ ਲੈਣ ਲਈ ਚੱਲ ਪਏ। ਜਦੋਂ ਉਹ ਕੋਈ ਅੱਠ ਮੀਲ ਤਕ ਗਏ,



Sri Satguru Jagjit Singh Ji eLibrary NamdhariElibrary@gmail.com

ਤਾਂ ਇਕ ਨਦੀ ਤੇ ਪੁਜ ਕੇ ਉਹ ਬੈਠ ਗਏ ਅਤੇ ਉੱਥੇ ਖਾਧਾ ਪੀਤਾ। ਕੁਝ ਸਮਾ ਸਸਤਾਏ। ਐਲੀਸ਼ਾ ਨੇ ਨਸਵਾਰ ਦੀ ਡੱਬੀ ਕੱਢ ਲਈ। ਐਫਿਮ ਨੇ ਉਸ ਵਲ ਦੇਖ ਕੇ ਸਿਰ ਝਟਕਿਆ।

"ਤੂੰ ਇਹ ਭੈੜੀ ਆਦਤ ਛੱਡੀ ਕਿਉਂ ਨਹੀਂ ਬਈ?" ਉਸ ਨੇ ਕਿਹਾ।

ਐਲੀਸ਼ਾ ਨੇ ਹੱਥ ਲਹਿਰਾ ਕੇ ਕਿਹਾ, "ਇਹ ਭੈੜੀ ਆਦਤ ਮੇਰੇ ਨਾਲੋਂ ਡਾਢੀ ਹੈ।"

ਫੇਰ ਉਹ ਉਠ ਕੇ ਚਲ ਪਏ। ਅੱਠ ਮੀਲ ਹੋਰ ਚਲਣ ਉਪਰੰਤ ਉਹ ਇਕ ਵੱਡੇ ਪਿੰਡ ਜਾ ਪੁੱਜੇ ਅਤੇ ਉਸ ਵਿਚ ਦੀ ਲੰਘ ਗਏ। ਹੁਣ ਤਪਸ਼ ਵਧ ਗਈ ਸੀ। ਐਲੀਸ਼ਾ ਥਕੇਵੇਂ ਨਾਲ ਚੂਰ ਸੀ ਅਤੇ ਆਰਾਮ ਕਰਨਾ ਚਾਂਹਦਾ ਸੀ ਨਾਲੇ ਪਾਣੀ ਦੀ ਤਲਬ ਸੀ, ਪਰ ਐਫਿਮ ਨਾ ਰੁਕਿਆ। ਐਫਿਮ ਵਾਹਵਾ ਤੁਰਦਾ ਸੀ ਅਤੇ ਐਲੀਸ਼ਾ ਲਈ ਸਾਥ ਦੇਣਾ ਮੁਸ਼ਕਿਲ ਜਾਪਦਾ ਸੀ।

"ਜੇ ਕਰ ਕਿਧਰੇ ਜਲ ਪੀਣ ਲਈ ਮਿਲ ਸਕੇ," ਉਸ ਨੇ ਕਿਹਾ।

"ਠੀਕ ਹੈ ਪੀ ਲਵੋ", ਐਫਿਮ ਨੇ ਕਿਹਾ। "ਪਰ ਮੈਨੂੰ ਤਾਂ ਤ੍ਰੇਹ ਨਹੀਂ ਹੈ।"

ਐਲੀਸ਼ਾ ਰੁੱਕ ਗਿਆ।

ਤੂੰ ਚਲਦਾ ਚੱਲ" ਉਸ ਨੇ ਕਿਹਾ, "ਪਰ ਮੈਂ ਛੇਤੀ ਨਾਲ ਉਸ ਨਿੱਕੀ ਝੁਗੀ ਵਿਚ ਜਾਂਦਾ ਹਾਂ ਉੱਥੇ। ਛੇਤੀ ਹੀ ਆ ਰਲਾਂਗਾ।"

"ਸਤਿਬਚਨ" ਐਫਿਮ ਨੇ ਕਿਹਾ, ਅਤੇ ਉਹ ਇਕੱਲਾ ਹੀ ਚਲਦਾ ਰਿਹਾ ਜਦੋਂ ਕਿ ਐਲੀਸ਼ਾ ਝੁਗੀ ਵੱਲ ਨੂੰ ਮੁੜ ਗਿਆ।

ਇਹ ਇਕ ਝੁਗੜੀ ਸੀ ਮਿੱਟੀ ਨਾਲ ਲਿਪੀ ਹੋਈ, ਫਰਸ਼ ਕਾਲੇ ਰੰਗ ਦਾ ਸੀ ਪਰ ਉੱਪਰ ਚੂਨਾ ਕਲੀ ਫੇਰੀ ਹੋਈ ਸੀ। ਪਰ ਕਖਾਂ ਆਦਿ ਨਾਲੋਂ ਲਿਉੜ ਉਠੇ ਹੋਏ ਸਨ। ਪ੍ਰਤੱਖ ਸੀ ਕਿ ਚਿਰਾਂ ਤੋਂ ਲਿਪਾਈ ਨਹੀਂ ਸੀ ਕੀਤੀ ਗਈ, ਛੱਤ ਵੀ ਇਕ ਪਾਸੇ ਤੋਂ ਖਸਤਾ ਹੋ ਚੁੱਕੀ ਸੀ। ਝੁਗੀ ਨੂੰ ਵੇਹੜੇ ਵਿਚ ਦੀ ਹੋ ਕੇ ਜਾਣਾ ਪੈਂਦਾ ਸੀ। ਐਲੀਸ਼ਾ ਵੇਹੜੇ ਵਿਚ ਦਾਖਲ ਹੋ ਗਿਆ, ਉਸ ਨੇ ਇਕ ਬਹੁਤ ਹੀ ਕਮਜ਼ੋਰ ਹੋ ਢੁੱਕਾ ਬੰਦਾ ਕੰਧੜੀ ਨਾਲ ਪਿਆ ਦੇਖਿਆ। ਬੰਦਾ ਛਾਂ ਵਿਚ ਲੇਟਿਆ ਹੋਵੇਗਾ ਪਰ ਹੁਣ ਉਸ ਤੇ ਪੂਰੀ ਧੁੱਪ ਸੀ। ਭਾਵੇਂ ਕਿ ਉਹ ਸੁੱਤਾ ਹੋਇਆ ਨਹੀਂ ਸੀ ਫੇਰ ਵੀ ਉਥੇ ਲੇਟਿਆ ਹੋਇਆ ਸੀ। ਐਲੀਸ਼ਾ ਨੇ ਉਸ ਤੋਂ ਪਾਣੀ ਮੰਗਿਆ, ਪਰ ਬੰਦੇ ਨੇ ਕੋਈ ਉਤਰ ਨਾ ਦਿੱਤਾ।

"ਉਹ ਜਾਂ ਤਾਂ ਬੀਮਾਰ ਹੈ ਜਾਂ ਫੇਰ ਮਿੱਤਰਤਾਪੂਰਨ ਸੁਭਾਉਦਾ ਨਹੀਂ ਹੈ," ਐਲੀਸ਼ਾ ਨੇ ਸੋਚਿਆ, ਬੂਹੇ ਦੇ ਨੇੜੇ ਜਾਣ ਤੇ ਉਸ ਨੂੰ ਅੰਦਰ ਕਿਸੇ ਬਾਲ ਦੇ ਰੋਣ ਦੀ ਆਵਾਜ਼ ਸੁਣੀ। ਉਸ ਨੇ ਬੂਹੇ ਦਾ ਕੁੰਡਾ ਫੜ ਕੇ ਖੜਕਾਇਆ।

"ਹੇ ਘਰ ਵਾਲਿਓ", ਉਸ ਨੇ ਆਵਾਜ਼ ਮਾਰੀ। ਕੋਈ ਉਤਰ ਨਾ ਮਿਲਿਆ। ਫੇਰ ਉਸ ਨੇ ਆਪਣੇ ਹੱਥ ਵਾਲੇ ਡੰਡੇ ਦੇ ਨਾਲ ਬੂਹਾ ਖੜਕਾਇਆ।

"ਹੇ ਈਸਾਈ ਭਰਾਵੋ।" ਕੋਈ ਹਰਕਤ ਨਾ ਹੋਈ।

"ਹੇ ਰੱਬ ਦੇ ਪਿਆਰਿਓ।" ਫੇਰ ਵੀ ਕੋਈ ਉਤਰ ਨਾ ਮਿਲਿਆ।

ਐਲੀਸ਼ਾ ਪਰਤ ਜਾਣ ਵਾਲਾ ਹੀ ਸੀ, ਜਦੋਂ ਉਸ ਨੂੰ ਜਾਪਿਆ ਜਿਵੇਂ ਬੂਹੇ ਦੇ ਦੂਜੇ ਪਾਸੇ ਤੋਂ ਕਿਸੇ ਦੀ ਹੂੰਗਰ ਉਸ ਨੇ ਸੁਣੀ ਹੈ।

"ਉਹੋ, ਜਾਪਦਾ ਹੈ ਇਹਨਾਂ ਤੇ ਕੋਈ ਮੁਸੀਬਤ ਬਣੀ ਹੋਈ ਹੈ। ਮੈਨੂੰ ਦੇਖ ਹੀ ਲੈਣਾ ਚਾਹੀਦਾ ਹੈ।"

ਅਤੇ ਐਲੀਸ਼ਾ ਝੁੱਗੀ ਵਿਚ ਪਰਵੇਸ਼ ਕਰ ਗਿਆ।

੪

ਐਲੀਸ਼ਾ ਨੇ ਬੂਹਾ ਧੱਕਿਆ ਤਾਂ ਉਹ ਅੰਦਰੋਂ ਵੱਜਾ ਹੋਇਆ ਨਹੀਂ ਸੀ। ਉਸ ਨੇ ਬੂਹਾ ਖੋਲ੍ਹਿਆ ਅਤੇ ਅੰਦਰ ਵੜ ਗਿਆ। ਅੰਦਰ ਵਸੋਂ ਵਾਲੇ ਕਮਰੇ ਦਾ ਬੂਹਾ ਖੁੱਲ੍ਹਾ ਸੀ। ਖੱਬੇ ਪਾਸੇ ਇੱਟਾਂ ਦਾ ਤੰਦੂਰ ਸੀ ਸਾਹਮਣੇ ਵਾਲੀ ਕੰਧ ਨਾਲ ਇਕ ਕੰਧ ਸੀ ਅਤੇ ਉਸ ਦੇ ਸਾਹਮਣੇ ਇਕ ਮੇਜ਼ ਡਠਾ ਹੋਇਆ ਸੀ, ਮੇਜ਼ ਦੇ ਲਾਗੇ ਇਕ ਬੈਂਚ ਸੀ ਜਿਸ ਤੇ ਇਕ ਬੁਢੀ ਬੈਠੀ ਹੋਈ ਸੀ, ਉਸ ਦਾ ਸਿਰ ਨੰਗਾ ਸੀ ਅਤੇ ਇਕ ਹੀ ਕੱਪੜੇ ਵਿਚ ਬੈਠੀ ਹੋਈ ਸੀ। ਉਸ ਨੇ ਆਪਣਾ ਸਿਰ ਮੇਜ਼ ਤੇ ਟੇਕਿਆ ਹੋਇਆ ਸੀ, ਉਸ ਦੇ ਲਾਗੇ ਇਕ ਪੀਲੇ ਭੂਕ ਰੰਗ ਦਾ ਬਹੁਤ ਹੀ ਪਤਲਾ ਜਿਹਾ ਮੁੰਡਾ ਬੈਠਾ ਹੋਇਆ ਸੀ ਜਿਸ ਦਾ ਪੇਟ ਬਹੁਤ ਫੁਲਿਆ ਹੋਇਆ ਸੀ। ਉਹ ਉਸ ਮਾਈ ਦਾ ਕੱਪੜਾ ਫੜ ਕੇ ਅਤੇ ਬਹੁਤ ਰੋ ਰੋ ਕੇ ਕੁਝ ਮੰਗ ਰਿਹਾ ਸੀ। ਐਲੀਸ਼ਾ ਅੰਦਰ ਵੜ ਗਿਆ। ਝੁੱਗੀ ਅੰਦਰ ਦੀ ਹਵਾ ਗੰਦੀ ਸੀ। ਉਸ ਨੇ ਆਸੇ ਪਾਸੇ ਨਜ਼ਰ ਮਾਰੀ ਤਾਂ ਤੰਦੂਰ (ਚੁਲ੍ਹੇ) ਲਾਗੇ ਪਈ ਹੋਈ ਇਕ ਸੁਆਣੀ ਦਿਖਾਈ ਦਿੱਤੀ। ਉਹ ਸਿੱਧੀ ਸਲੇਟ ਫਰਸ਼ ਤੇ ਲੇਟੀ ਹੋਈ ਸੀ, ਅੱਖਾਂ ਮੁੰਦੀਆਂ ਹੋਈਆਂ ਸਨ ਅਤੇ ਘੰਡ ਵਜ ਰਿਹਾ ਸੀ, ਉਹ ਹੱਥ ਪੈਰ ਮਾਰ ਰਹੀ ਸੀ ਅਤੇ ਪਾਸੇ ਮਾਰਦੀ ਪਈ ਸੀ, ਬਦਬੂ ਉਸੇ ਦੇ ਪਾਸੋਂ ਆ ਰਹੀ ਸੀ। ਪ੍ਰਤੱਖ ਹੀ ਸੀ ਕਿ ਉਹ ਆਪਣੇ ਆਪ ਜੋਗੀ ਨਹੀਂ ਸੀ ਅਤੇ ਉਸ ਦੀ ਦੇਖ-



Sri Satguru Jagjit Singh Ji eLibrary NamdhariElibrary@gmail.com

ਰੇਖ ਵੀ ਕੋਈ ਨਹੀਂ ਸੀ ਕਰ ਰਿਹਾ। ਬੁਢੀ ਨੇ ਸਿਰ ਚੁੱਕ ਕੇ ਓਪਰੇ ਬੰਦੇ ਨੂੰ ਦੇਖਿਆ।

"ਤੁਹਾਨੂੰ ਕੀ ਚਾਹੀਦਾ ਹੈ ?" ਉਸ ਨੇ ਪੁਛਿਆ। "ਕੀ ਚਾਹੀਦਾ ਹੈ ਭਾਈ ?" ਸਾਡੇ ਪਾਸ ਦੇਣ ਦੇ ਲਈ ਕੁਝ ਵੀ ਨਹੀਂ ਹੈ।"

ਉਹ ਭਾਵੇਂ ਯੂਕਰੇਨੀ ਸਥਾਨਕ ਭਾਸ਼ਾ ਵਿਚ ਬੋਲ ਰਹੀ ਸੀ ਪਰ ਐਲੀਸ਼ਾ ਨੇ ਗੱਲ ਸਮਝ ਲਈ ਸੀ।

"ਰੱਬ ਦੀਏ ਬੰਦੀਏ, ਮੈਂ ਪਾਣੀ ਪੀਣ ਲਈ ਆਇਆ ਸੀ।" ਉਸ ਨੇ ਕਿਹਾ।

"ਕੋਈ ਨਹੀਂ ਹੈ—ਕੋਈ ਨਹੀਂ ਹੈ—ਸਾਡੇ ਪਾਸ ਪਾਣੀ ਲਿਆਉਣ ਦੇ ਲਈ ਕੁਝ ਨਹੀਂ ਹੈ। ਆਪਣੇ ਰਾਹ ਪਵੋ।"

ਤਦ ਐਲੀਸ਼ਾ ਨੇ ਪੁਛਿਆ—"ਕੀ ਤੁਹਾਡੀ ਖ਼ਬਰ ਅਤੇ ਸੇਵਾ ਦੇ ਲਈ ਏਥੇ ਕੋਈ ਵੀ ਨਹੀਂ ਹੈ ?"

"ਨਹੀਂ ਕੋਈ ਵੀ ਨਹੀਂ ਹੈ। ਮੇਰਾ ਪੁਤਰ ਬਾਹਰ ਮਰ ਰਿਹਾ ਹੈ, ਅਤੇ ਅਸੀਂ ਏਥੇ ਅੰਦਰ ਮਰ ਰਹੇ ਹਾਂ।"

ਨਿੱਕਾ ਮੁੰਡਾ ਓਪਰੇ ਬੰਦੇ ਨੂੰ ਦੇਖ ਕੇ ਰੋਣ ਤੋਂ ਹਟ ਗਿਆ, ਪਰ ਜਦੋਂ ਬੁਢੀ ਨੇ ਬੋਲਣਾ ਸ਼ੁਰੂ ਕੀਤਾ ਤਾਂ ਉਸ ਨੇ ਉਸ ਦੀ ਬਾਂਹ ਫੜ ਕੇ ਮੁੜ ਰੋਣਾ ਸ਼ੁਰੂ ਕਰ ਦਿੱਤਾ।

"ਰੋਟੀ, ਦਾਦੀ ਮਾਂ, ਰੋਟੀ।"

ਐਲੀਸ਼ਾ ਬੁਢੀ ਨੂੰ ਪੁਛਣ ਹੀ ਵਾਲਾ ਸੀ ਕਿ ਬੰਦਾ ਲੁੜਖੜਾਂਦ ਹੋਇਆ ਝੁੱਗੀ ਵਿਚ ਆਇਆ। ਉਹ ਕੰਧ ਨੂੰ ਫੜ ਫੜ ਕੇ ਅੰਦਰ ਵਲ ਨੂੰ ਆਇਆ ਸੀ, ਪਰ ਜਦੋਂ ਉਹ ਕਮਰੇ ਵਿਚ ਦਾਖਲ ਹੋ ਰਿਹਾ ਸੀ ਤਾਂ ਉਹ ਦਹਿਲੀਜ਼ ਲਾਗੇ, ਕੋਣੇ ਵਿਚ, ਡਿੱਗ ਪਿਆ, ਅਤੇ ਮੁੜ ਉਠਣ ਦੀ ਕੋਸ਼ਿਸ਼ ਕਰਨ ਤੋਂ ਬਿਨਾਂ ਹੀ ਉਹ ਉਘੜ ਦੁਘੜ ਸ਼ਬਦਾਂ ਵਿਚ ਬੋਲਣ ਲੱਗਾ। ਉਹ ਸਾਹ ਲੈ ਲੈ ਕੇ ਇਕ ਇਕ ਸ਼ਬਦ ਬੋਲਦਾ ਸੀ। "ਸਾਨੂੰ ਬੀਮਾਰੀ ਨੇ ਦਬੋਚਿਆ ਹੋਇਆ ਦੇ...ਹੈ ਉਸ ਨੇ ਕਿਹਾ। ਅਤੇ "ਕਾਲ। ਉਹ ਭੁਖ ਨਾਲ... ਮਰ ਰਿਹਾ ਹੈ।"

ਉਹ ਮੁੰਡੇ ਵਲ ਨੂੰ ਉਲਰਿਆ ਅਤੇ ਹਟਕੋਰੇ ਭਰਨ ਡਹਿ ਪਿਆ।

ਐਲੀਸ਼ਾ ਨੇ ਆਪਣਾ ਥੈਲਾ ਮੋਢਿਆਂ ਤੋਂ ਲਾਹ ਕੇ ਫਰਸ਼ ਤੇ ਰੱਖ ਦਿੱਤਾ। ਫੇਰ ਉਸ ਨੇ ਉਹ ਚੁੱਕ ਕੇ ਬੈਂਚ ਤੇ ਰਖਿਆ ਅਤੇ ਤਣੀਆਂ ਖੋਹਲੀਆ। ਥੈਲਾ ਖੋਲ੍ਹ ਕੇ, ਉਸ ਨੇ ਇਕ ਡਬਲ ਰੋਟੀ ਕੱਢੀ ਅਤੇ ਚਾਕੂ ਨਾਲ ਇਕ ਕਾਤਰ ਕੱਟੀ ਤੇ ਬੰਦੇ ਨੂੰ ਦਿੱਤੀ। ਬੰਦੇ ਨੇ ਲਈ ਨਾ ਸਗੋਂ ਨਿੱਕੇ ਮੁੰਡੇ ਵਲ ਅਤੇ ਤੰਦੂਰ ਦੀ ਓਟ ਵੱਚ ਰੁੜ੍ਹ ਰਹੀ ਕੁੜੀ ਵੱਲ ਨੂੰ ਸੰਕੇਤ ਕੀਤਾ, ਜਿਵੇਂ ਕਹਿਣਾ ਚਾਹ ਰਿਹਾ ਹੋਵੇ,—"ਇਹ ਉਹਨਾਂ ਨੂੰ ਦੇਵੇ।"

ਐਲੀਸ਼ਾ ਨੇ ਮੁੰਡੇ ਵਲ ਨੂੰ ਵਧਾਈ। ਜਦੋਂ ਮੁੰਡੇ ਨੂੰ ਰੋਟੀ ਦੀ ਸੁਗੰਧ ਆਈ ਤਾਂ ਉਸ ਨੇ ਬਾਹਾਂ ਫੈਲਾ ਦਿੱਤੀਆਂ, ਰੋਟੀ ਦੀ ਕਾਤਰ ਨੂੰ ਫੜ ਕੇ ਜ਼ੋਰ ਦੀ ਚਖ ਮਾਰੀ ਜਿਸ ਨਾਲ ਉਸ ਦੀਆਂ ਨ੍ਹਾਸਾਂ ਕਾਤਰ ਵਿਚ ਖੁਭ ਜੇਹੀਆਂ ਗਈਆਂ। ਨਿੱਕੀ ਬਾਲੜੀ ਵੀ ਤੰਦੂਰ ਦੇ ਪਿਛੋਂ ਬਾਹਰ ਆ ਗਈ ਅਤੇ ਰੋਟੀ ਤੇ ਨਜ਼ਰ ਟਿਕਾ ਲਈ। ਐਲੀਸ਼ਾ ਨੇ ਉਸ ਨੂੰ ਵੀ ਇਕ ਕਾਂਤਰ ਦਿੱਤੀ। ਫੇਰ ਉਸ ਨੇ ਇਕ ਹੋਰ ਟੁਕੜਾ ਕੱਟ ਕੇ ਬੁੱਢੀ ਨੂੰ ਦਿੱਤਾ ਅਤੇ ਉਹ ਵੀ ਉਸ ਨੂੰ ਕੁਤਰਨ ਡਹਿ ਪਈ ਹਾਬੜਿਆਂ ਵਾਂਗ—"ਜੇ ਕਰ ਕੁਝ ਪਾਣੀ ਦਾ ਪ੍ਰਬੰਧ ਹੋ ਸਕੇ", ਉਹ ਬੋਲੀ "ਉਹਨਾਂ ਦੇ ਸੰਘ ਸੁੱਕੇ ਪਏ ਹਨ। ਮੈਂ ਕੱਲ੍ਹ, ਕਿ ਪਰਸੋਂ—ਪਤਾ ਨਹੀਂ ਅੱਜ—ਕੁਝ ਚੇਤੇ ਨਹੀਂ—ਕੁਝ ਪਾਣੀ ਲਿਆਉਣ ਦੀ ਕੋਸ਼ਿਸ਼ ਕੀਤੀ ਸੀ ਪਰ ਮੈਂ ਡਿਗ ਪਈ ਸੀ ਅਤੇ ਅੱਗੇ ਨਹੀਂ ਸੀ ਜਾ ਸਕੀ, ਅਤੇ ਬਾਲੜੀ ਉੱਥੇ ਹੀ ਪਈ ਹੋਵੇਗੀ, ਜੇਕਰ ਕਿਸੇ ਨੇ ਚੁੱਕ ਨਾ ਲਈ ਹੋਵੇ ਤਾਂ।"

ਐਲੀਸ਼ਾ ਨੇ ਪਤਾ ਕੀਤਾ ਕਿ ਖੂਹ ਕਿਥੇ ਸੀ। ਮਾਈ ਨੇ ਉਸ ਨੂੰ ਦੱਸਿਆ। ਐਲੀਸ਼ਾ ਬਾਹਰ ਨਿਕਲਿਆ, ਬਾਲਟੀ ਉਸ ਨੂੰ ਲਭ ਪਈ, ਕੁਝ ਪਾਣੀ ਲਿਆਇਆ, ਅਤੇ ਉਹਨਾਂ ਲੋਕਾਂ ਨੂੰ ਪੀਣ ਲਈ ਦਿੱਤਾ। ਬਚਿਆਂ ਅਤੇ ਮਾਈ ਨੇ ਪਾਣੀ ਨਾਲ ਕੁਝ ਰੋਟੀ ਹੋਰ ਖਾਧੀ, ਪਰ ਬੰਦਾ ਹੋਰ ਨਾ ਖਾ ਸਕਿਆ।

"ਮੈਂ ਨਹੀਂ ਖਾ ਸਕਦਾ।" ਉਸ ਨੇ ਕਿਹਾ।

ਇਸ ਸਾਰੇ ਸਮੇਂ ਦੌਰਾਨ ਮੁਟਿਆਰ ਨੇ ਹੋਸ਼ ਨਾ ਫੜੀ ਅਤੇ ਪਾਸੇ ਮਾਰਦੀ ਰਹੀ। ਉਧਰ ਐਲੀਸ਼ਾ ਪਿੰਡ ਦੀ ਹੱਟੀ ਤੋਂ ਕੁਝ ਚੀਣਾ, ਲੂਣ, ਆਟਾ ਅਤੇ ਤੇਲ ਲੈ ਆਇਆ। ਉਸ ਨੂੰ ਇਕ ਕੁਹਾੜੀ ਮਿਲ ਗਈ, ਕੁਝ ਲੱਕੜਾਂ ਪਾੜੀਆਂ ਤੇ ਅੱਗ ਜਲਾਈ। ਨਿੱਕੀ ਕੁੜੀ ਉਸ ਦੀ ਸਹਾਇਤਾ ਕੀਤੀ। ਤਦ ਉਸ ਨੇ ਦਲੀਆ ਬਣਾ ਕੇ ਭੁਖਿਆਂ ਸਭਨਾਂ ਨੂੰ ਭੋਜਨ ਛਕਾਇਆ।

੫

ਬੰਦੇ ਨੇ ਥੋੜ੍ਹਾ ਕੁ ਖਾਧਾ, ਮਾਈ ਨੇ ਵੀ ਕੁਝ ਕੁ ਖਾਧਾ, ਅਤੇ ਨਿੱਕੇ ਮੁੰਡੇ ਤੇ ਨਿੱਕੀ ਕੁੜੀ ਨੇ ਪਤੀਲਾ ਚੱਟ ਦਿੱਤਾ ਤੇ ਇਕ ਦੂਜੇ ਦੀਆਂ ਬਾਂਹਾਂ ਵਿਚ ਲੇਟ ਕੇ ਸੌਂ ਗਏ। ਤਦ ਬੰਦਾ ਅਤੇ ਮਾਈ ਐਲੀਸ਼ਾ ਨੂੰ ਦੱਸਣ ਲੱਗੇ ਕਿ ਉਹਨਾਂ ਦੀ ਇਹ ਦੁਰਦਿਸ਼ਾ ਕਿੰਝ ਹੋਈ।

"ਅਸੀਂ ਪਹਿਲਾਂ ਤੋਂ ਹੀ ਗਰੀਬ ਸੀ" ਉਹਨਾਂ ਨੇ ਕਿਹਾ, "ਪਰ ਜਦੋਂ ਫਸਲ ਹੀ ਨਾ ਹੋਈ ਤਾਂ ਜੋ ਕੁਝ ਸਾਡੇ ਪਾਸ ਹੈ ਸੀ ਉਹ ਮਸਾਂ ਪੱਤ-ਝੜ ਤੀਕ ਚਲਿਆ। ਸਿਆਲ ਦੇ ਆ ਜਾਣ ਤੀਕ ਸਾਡੇ ਪਾਸ ਕੁਝ ਵੀ ਨਹੀਂ ਸੀ ਬਚਿਆ



Sri Satguru Jagjit Singh Ji eLibrary NamdhariElibrary@gmail.com

ਅਤੇ ਜਿਥੋਂ ਕਿਤੋਂ ਮਿਲ ਸਕਦਾ ਸੀ, ਅਸੀਂ ਮੰਗਣ ਲੱਗ ਪਏ। ਪਹਿਲਾਂ ਤਾਂ ਮੰਗਿਆ ਮਿਲਦਾ ਰਿਹਾ, ਫੇਰ ਜਵਾਬ ਮਿਲਣ ਲੱਗ ਪਿਆ। ਕੁਝ ਲੋਕ ਸਾਨੂੰ ਖੁਸ਼ੀ ਖੁਸ਼ੀ ਕੁਝ ਦੇਂਦੇ ਪਰ ਉਹਨਾਂ ਪਾਸ ਦੇਣ ਲਈ ਕੁਝ ਵੀ ਨਹੀਂ ਸੀ। ਅਸੀਂ ਵੀ ਮੰਗਣ ਵਿਚ ਸ਼ਰਮ ਮਹਿਸੂਸ ਕਰਦੇ ਸੀ, ਅਸੀਂ ਵਾਲ ਵਾਲ ਕਰਜ਼ੇ ਵਿਚ ਬੰਨ੍ਹ ਗਏ, ਰੁਪਿਆ ਪੈਸਾ ਦੇਣਾ ਸੀ, ਆਟਾ ਵੀ ਦੇਣਾ ਸੀ।

"ਮੈਂ ਕੰਮ ਦੀ ਭਾਲ ਵਿਚ ਨਿਕਲਿਆ ਸੀ," ਬੰਦੇ ਨੇ ਕਿਹਾ, "ਪਰ ਕੋਈ ਕੰਮ ਨਾ ਮਿਲਿਆ। ਫੇਰ ਮਾਈ ਅਤੇ ਕੁੜੀ ਭੀਖ ਮੰਗਣ ਲਈ ਦੂਰ ਤੀਕ ਗਈਆਂ। ਪਰ ਉਹਨੂੰ ਬਹੁਤ ਥੋੜੀ ਪ੍ਰਾਪਤੀ ਹੋਈ। ਅਸੀਂ ਕਿਵੇਂ ਨਾ ਕਿਵੇਂ ਪੇਟ ਦੀ ਅੱਗ ਬੁਝਾਂਦੇ ਰਹੇ ਕਿ ਅਗਲੀ ਫਸਲ ਤੀਕ ਸਾਰੀਏ ਪਰ ਮੌਸਮ ਬਹਾਰ ਤੀਕ ਲੋਕਾਂ ਨੇ ਕੁਝ ਵੀ ਦੇਣਾ ਬੰਦ ਕਰ ਦਿੱਤਾ। ਫੇਰ ਸਾਨੂੰ ਇਹ ਬੀਮਾਰੀ ਆਣ ਲੱਗੀ। ਹਾਲਤ ਭੈੜੀ ਤੋਂ ਵੀ ਭੈੜੀ ਹੋ ਗਈ। ਕਈ ਵਾਰ ਦੋ-ਦੋ ਦਿਨਾਂ ਲਈ ਕੁਝ ਵੀ ਖਾਣ ਲਈ ਨਾ ਮਿਲਦਾ। ਫੇਰ ਅਸੀਂ ਘਾਹ ਖਾਣ ਲੱਗ ਪਏ। ਘਾਹ ਕਰ ਕੇ ਜਾਂ ਪਤਾ ਨਹੀਂ ਕਿਵੇਂ ਮੇਰੀ ਪਤਨੀ ਬੀਮਾਰ ਪੈ ਗਈ। ਉਹ ਆਪਣੀਆਂ ਟੰਗਾ ਦੇ ਸਹਾਰੇ ਖਲੋ ਨਹੀਂ ਸੀ ਸਕਦੀ, ਮੇਰੇ ਵਿਚ ਵੀ ਕੋਈ ਸ਼ਕਤੀ ਨਾ ਰਹੀ, ਸਾਡੇ ਬਚਾ ਲਈ ਕੁਝ ਨਹੀਂ ਸੀ ਹੋ ਸਕਦਾ।"

ਮੈਂ ਕੱਲੀ ਨੇ ਕੁਝ ਸਮਾਂ ਸੰਘਰਸ਼ ਕੀਤਾ, "ਬੁਢੀ ਮਾਈ ਨੇ ਕਿਹਾ, ਪਰ ਅੰਤਕਾਰ ਭੁਖ ਦੇ ਦੁਖੋਂ ਮੈਂ ਵੀ ਟੁੱਟ ਗਈ ਤੇ ਬਹੁਤ ਨਿਰਬਲ ਹੋ ਗਈ। ਕੁੜੀ ਵੀ ਬਹੁਤ ਨਿਰਬਲ ਹੋ ਗਈ ਅਤੇ ਆਤਰ ਵੀ। ਮੈਂ ਉਸ ਨੂੰ ਗੁਆਂ-ਢੀਆਂ ਦੇ ਜਾਣ ਲਈ ਕਹਿੰਦੀ—ਪਰ ਉਹ ਝੁੱਗੀ ਤੋਂ ਬਾਹਰ ਨਾ ਜਾਂਦੀ ਸਗੋਂ ਇਕ ਖੂੰਜੇ ਵਲ ਸਰਕ ਕੇ ਜਾ ਬਹਿੰਦੀ। ਪਰਸੋਂ ਇਕ ਗੁਆਂਢਣ ਨੇ ਅੰਦਰ ਝਾਤੀ ਮਾਰੀ ਸੀ ਪਰ ਇਹ ਦੇਖ ਕੇ ਕਿ ਅਸੀਂ ਸਾਰੇ ਹੀ ਭੁੱਖੇ ਅਤੇ ਬੀਮਾਰ ਹਾਂ ਉਹ ਸਾਨੂੰ ਛੱਡ ਕੇ ਮੁੜ ਗਈ। ਉਸ ਦੇ ਪਤੀ ਨੂੰ ਦੂਰ ਦੁਰਾਡੇ ਜਾਣਾ ਸੀ ਅਤੇ ਉਸ ਦੇ ਪਾਸ ਖੁਦ ਆਪਣੇ ਬੱਚਿਆਂ ਦੇ ਖਾਣ ਲਈ ਕੁਝ ਵੀ ਨਹੀਂ ਸੀ ਅਤੇ ਇੰਝ ਅਸੀਂ, ਮੌਤ ਦੀ ਉਡੀਕ ਵਿਚ ਲੇਟੇ ਰਹੇ।

ਉਹਨਾਂ ਦੀ ਕਹਾਣੀ ਸੁਣ ਕੇ ਐਲੀਸ਼ਾ ਨੇ ਉਸ ਦਿਨ ਆਪਣੇ ਸਾਥੀ ਨਾਲ ਜਾ ਮਿਲਣ ਦਾ ਵਿਚਾਰ ਛੱਡ ਦਿੱਤਾ ਅਤੇ ਸਾਰੀ ਰਾਤ ਉਹਨਾਂ ਦੇ ਪਾਸ ਰਿਹਾ। ਉਹਨੇ ਸਵੇਰੇ ਉਠ ਕੇ ਘਰ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ, ਠੀਕ ਇਹ ਜਿਵੇਂ ਉਸ ਦਾ ਆਪਣਾ ਹੀ ਘਰ ਹੋਵੇ। ਉਸ ਨੇ ਬੁੱਢੀ ਦੀ ਸਹਾਇਤਾ ਨਾਲ ਆਟਾ ਗੁਨ੍ਹਿਆ ਅਤੇ ਅੱਗ ਜਲਾਈ। ਫੇਰ ਉਹ ਅਤਿ ਲੋੜੀਂਦੀਆਂ ਚੀਜ਼ਾਂ ਲੈਣ ਲਈ ਬਾਲੜੀ ਨੂੰ ਨਾਲ ਲੈ ਕੇ ਗੁਆਂਢੀਆਂ ਦੇ ਗਿਆ, ਕਿਉਂਕਿ ਝੁੱਗੀ ਵਿਚ ਤਾਂ ਕੁਝ ਵੀ ਨਹੀਂ ਸੀ, ਸਭ ਕੁਝ ਵੇਚਿਆ ਜਾ ਚੁੱਕਾ ਸੀ। ਰਸੋਈ ਦੇ ਭਾਂਡੇ, ਕੱਪੜਾ ਲੱਤਾ, ਸਭ ਕੁਝ ਹੀ। ਇੰਝ ਐਲੀਸ਼ਾ ਲੋੜੀਂ-ਦੀਆਂ ਵਸਤਾਂ ਤਿਆਰ ਕਰਨ ਲੱਗਾ, ਕੁਝ ਨੂੰ ਖਰੀਦ ਕੇ ਕੁਝ ਨੂੰ ਆਪ ਬਣਾ ਕੇ। ਉਹ ਉਥੇ ਇਕ ਦਿਨ ਲਈ ਰੁਕਿਆ, ਫੇਰ ਦੂਜੇ ਅਤੇ ਫੇਰ ਤੀਜੇ ਦਿਨ ਲਈ ਵੀ। ਨਿੱਕੇ ਮੁੰਡੇ ਨੇ ਤਾਕਤ ਫੜ ਲਈ ਅਤੇ ਜਦੋਂ ਐਲੀਸ਼ਾ ਬੈਠਦਾ ਤਾਂ ਬੈਂਚ ਨਾਲ ਰੁੜ੍ਹ ਕੇ ਉਸ ਤੀਕ ਪੁੱਜ ਜਾਂਦਾ। ਨਿੱਕੀ ਕੁੜੀ ਵੀ ਹੁਸ਼ਿਆਰ ਹੋ ਗਈ ਅਤੇ ਐਲੀਸ਼ਾ ਦੇ ਮਗਰ ਦੌੜਦੀ ਬੁਲਾਂਦੀ ਸਾਰੇ ਕੰਮ ਕਾਰ ਵਿਚ ਮਦਦ ਕਰਨ ਲੱਗੀ।

"ਡੈਡੀ, ਡੈਡੀ।"

ਬੁੱਢੀ ਮਾਈ ਤਕੜੀ ਹੋ ਗਈ ਅਤੇ ਗੁਆਂਢਣਾਂ ਨੂੰ ਮਿਲਣ ਲਈ ਬਾਹਰ ਨਿਕਲਣ ਜੋਗੀ ਹੋ ਗਈ। ਬੰਦਾ ਵੀ ਕੁਝ ਠੀਕ ਠਾਕ ਹੋ ਗਿਆ ਅਤੇ ਤੁਰਨ ਫਿਰਨ ਜੋਗਾ ਹੋ ਗਿਆ। ਕੇਵਲ ਪਤਨੀ ਨਾ ਉਠ ਸਕੀ, ਪਰ ਉਸ ਨੂੰ ਵੀ ਤੀਜੇ ਦਿਨ ਹੋਸ਼ ਆ ਗਈ ਅਤੇ ਸੁਰਤ ਫੜ ਕੇ ਉਸ ਨੇ ਖਾਣ ਲਈ ਕੁਝ ਮੰਗਿਆ।

"ਆਹੋ, ਮੈਂ ਤਾਂ ਕਦੇ ਚਿਤਵਿਆ ਵੀ ਨਹੀਂ ਸੀ ਕਿ ਰਾਹ ਵਿਚ ਐਨਾ ਸਮਾਂ ਖ਼ਰਾਬ ਹੋ ਜਾਵੇਗਾ। ਹੁਣ ਮੈਨੂੰ ਚਲਣਾ ਚਾਹੀਦਾ ਹੈ।"

੬

ਗਰਮੀਆਂ ਦੇ ਰੋਜ਼ਿਆਂ ਉਪਰੰਤ, ਚੌਥਾ ਦਿਨ ਦਾਅਵਤਾਂ ਦਾ ਦਿਨ ਸੀ ਅਤੇ ਐਲੀਸ਼ਾ ਨੇ ਸੋਚਿਆ—"ਮੈਂ ਰੁਕਾਂਗਾ ਅਤੇ ਇਹਨਾਂ ਲੋਕਾਂ ਦੇ ਨਾਲ ਹੀ ਰੋਜ਼ਾ ਖੋਲਾਂਗਾ। ਮੈਂ ਜਾ ਕੇ ਇਹਨਾਂ ਲੋਕਾਂ ਲਈ ਕੁਝ ਖਰੀਦ ਕੇ ਲਿਆਵਾਂਗਾ ਅਤੇ ਇਹਨਾਂ ਦੇ ਨਾਲ ਹੀ ਰੋਜ਼ਾ ਰੱਖਾਂਗਾ, ਫੇਰ ਕਲ੍ਹ ਸ਼ਾਮ ਨੂੰ ਮੈਂ ਚੱਲ ਪਵਾਂਗਾ।" ਬਸ ਐਲੀਸ਼ਾ ਪਿੰਡ ਵਿਚ ਗਿਆ, ਦੁੱਧ ਖਰੀਦਿਆ, ਕਣਕ ਦਾ ਆਟਾ ਅਤੇ ਰਸਦ ਖਰੀਦੀ ਅਤੇ ਕੱਲ੍ਹ ਲਈ ਤਿਆਰੀ ਕਰਨ ਵਿਚ ਬੁੱਢੀ ਦੀ ਮਦਦ ਕਰਨ ਲੱਗਾ। ਦਾਅਵਤ ਵਾਲੇ ਦਿਨ ਐਲੀਸ਼ਾ ਗਿਰਜੇ ਗਿਆ ਅਤੇ ਆਪਣੇ ਮਿੱਤਰਾਂ ਦੇ ਨਾਲ ਝੁੱਗੀ ਵਿਚ ਰੋਜ਼ਾ ਇਫ਼ਤਾਰ ਕੀਤਾ। ਉਸ ਦਿਨ ਪਤਨੀ ਉਠੀ ਸੀ ਅਤੇ ਕੁਝ ਤੁਰੀ ਫਿਰੀ ਵੀ ਸੀ। ਪਤੀ ਨੇ ਦਾੜ੍ਹੀ ਬਣਾ ਕੇ ਸਾਫ਼ ਸੁਥਰੀ ਕਮੀਜ਼ ਪਹਿਨੀ ਜਿਹੜੀ



Sri Satguru Jagjit Singh Ji eLibrary NamdhariElibrary@gmail.com

ਕਿ ਮਾਈ ਨੇ ਉਸ ਲਈ ਧੋ ਦਿੱਤੀ ਸੀ ਅਤੇ ਉਹ ਪਿੰਡ ਵਿਚ ਇਕ ਧਨੀ ਕਿਸਾਨ ਤੋਂ ਰਹਿਮ ਦੀ ਭੀਖ ਮੰਗਣ ਲਈ ਚਲਿਆ ਗਿਆ, ਜਿਸ ਦੇ ਹੱਥ ਕਿ ਉਸ ਨੇ ਆਪਣੇ ਖੇਤ ਗਿਰਵੀ ਰੱਖੇ ਹੋਏ ਸਨ। ਉਹ ਫਸਲ ਦੇ ਅੰਤ ਤੀਕ ਵਾਢੀ ਤੇ ਖੇਤਾਂ ਨੂੰ ਵਰਤਣ ਦੀ ਆਗਿਆ ਮੰਗਣ ਲਈ ਗਿਆ ਸੀ, ਪਰ ਲੌਢੇ ਵੇਲੇ ਉਹ ਬਹੁਤ ਹੀ ਉਦਾਸ ਪਰਤਿਆ ਅਤੇ ਆ ਕੇ ਰੋਣ ਲੱਗਾ। ਧਨੀ ਕਿਸਾਨ ਨੇ ਕੋਈ ਦਿਆਲਤਾ ਨਾ ਦਿਖਲਾਈ, ਸਗੋਂ ਆਪਣੀ ਰਕਮ ਦੀ ਮੰਗ ਕੀਤੀ।

ਐਲੀਸ਼ਾ ਮੁੜ ਸੋਚਾਂ ਵਿਚ ਪੈ ਗਿਆ। "ਹੁਣ ਉਹ ਕਿਵੇਂ ਗੁਜ਼ਾਰਾ ਕਰਨਗੇ ?" ਉਸਨੇ ਸੋਚਿਆ। ਦੂਜੇ ਲੋਕ ਪਰਾਲੀ ਤਿਆਰ ਕਰਨਗੇ ਪਰ ਇਹ ਕੀ ਵੱਢਣ ਖੋਨਣਗੇ। ਇਹਨਾਂ ਦੀ ਘਾਹ ਵਾਲੀ ਭੋਂਇ ਤਾਂ ਰਹਿਣ ਕੀਤੀ ਹੋਈ ਹੈ। ਰਾਈ ਪੱਕ ਜਾਵੇਗੀ। ਹੋਰ ਲੋਕ ਵਾਢੀ ਕਟਨਗੇ (ਅਤੇ ਇਸ ਵਰ੍ਹੇ ਫਸਲ ਵੀ ਵਾਹਵਾ ਹੋਣੀ ਹੈ) ਪਰ ਇਹਨਾਂ ਦੇ ਪਾਸ ਕੋਈ ਧਰਵਾਸ ਨਹੀਂ ਹੈ ਅੱਗੋਂ ਲਈ। ਇਹਨਾਂ ਦੇ ਤਿੰਨ ਏਕੜ ਧਨੀ ਕਿਸਾਨ ਦੇ ਪਾਸ ਗਿਰਵੀ ਹਨ। ਮੇਰੇ ਚਲੇ ਜਾਣ ਮਗਰੋਂ ਇਹਨਾਂ ਦੀ ਹਾਲਤ ਮੁੜ ਉਹੋ ਹੋ ਜਾਣੀ ਹੈ ਜਿਸ ਵਿਚ ਕਿ ਮੈਂ ਆ ਕੇ ਦੇਖੇ ਸਨ।

ਐਲੀਸ਼ਾ ਦੋ ਚਿੱਤੀ ਵਿਚ ਸੀ, ਅਖੀਰ ਉਸਨੇ ਫੈਸਲਾ ਕਰ ਲਿਆ ਕਿ ਉਹ ਸ਼ਾਮ ਨੂੰ ਨਹੀਂ ਜਾਵੇਗਾ, ਸਵੇਰ ਤੀਕ ਉਡੀਕ ਕਰੇਗਾ। ਉਹ ਵਿਹੜੇ ਵਿਚ ਸੌਣ ਲਈ ਚਲਿਆ ਗਿਆ। ਉਸ ਨੇ ਆਪਣੀ ਪ੍ਰਾਰਥਨਾ ਕੀਤੀ ਅਤੇ ਲੇਟ ਗਿਆ, ਪਰ ਉਸਨੂੰ ਨੀਂਦ ਨਾ ਆ ਸਕੀ। ਇਕ ਪਾਸੇ ਤਾਂ ਉਹ ਸੋਚਦਾ ਸੀ ਕਿ ਉਸ ਨੂੰ ਚਲੇ ਜਾਣਾ ਚਾਹੀਦਾ ਹੈ, ਕਿਉਂਜੋ ਉਹ ਕਾਫੀ ਸਮਾਂ ਅਤੇ ਰਕਮ ਖਰਚ ਕਰ ਚੁੱਕਾ ਹੈ, ਦੂਜੇ ਪਾਸੇ ਉਹ ਇਹਨਾਂ ਲੋਕਾਂ ਲਈ ਤਰਸਵਾਨ ਸੀ।

"ਇਹਦਾ ਤਾਂ ਕੋਈ ਅੰਤ ਨਜ਼ਰ ਨਹੀਂ ਆ ਰਿਹਾ," ਉਸ ਨੇ ਕਿਹਾ। ਪਹਿਲਾਂ ਤਾਂ ਮੇਰਾ ਭਾਵ ਸੀ ਉਹਨਾਂ ਤੋਂ ਕੁਝ ਪਾਣੀ ਲਿਆ ਕੇ ਦੇਣ ਦਾ ਅਤੇ ਹਰ ਇਕ ਨੂੰ ਰੋਟੀ ਦੀ ਇਕ ਕਾਤਰ ਦੇਣ ਦਾ, ਹੁਣ ਦੇਖ ਲਵੋ ਗੱਲ ਕਿਥੇ ਜਾ ਪੁੱਜੀ ਹੈ। ਹੁਣ ਮਾਮਲਾ ਭੋਏਂ ਨੂੰ ਮੁੜ ਪਰਾਪਤ ਕਰਨ ਦਾ ਹੋ ਗਿਆ ਹੈ ਅਤੇ ਜਦੋਂ ਮੈਂ ਇਹ ਕਰ ਚੁੱਕਾਂਗਾ ਤਾਂ ਉਹਨਾਂ ਲਈ ਮੈਨੂੰ ਇਕ ਗਾਂ ਅਤੇ ਘੋੜਾ ਲੈ ਕੇ ਦੇਣਾ ਹੋਵੇਗਾ। ਐਲੀਸ਼ਾ ਭਰਾਵਾ ਤੂੰ ਚੰਗੇ ਚੱਕਰ ਵਿਚ ਫਸ ਗਿਆ ਹੈਂ। ਤੂੰ ਆਪਣੇ ਰਾਹ ਤੋਂ ਭਟਕ ਕੇ ਭੁੱਲ ਭੁਲਾਈਆਂ ਵਿਚ ਪੈ ਗਿਆ ਹੈਂ।"

ਐਲੀਸ਼ਾ ਉਠ ਖੜੋਤਾ, ਉਸਨੇ ਆਪਣਾ ਕੋਟ ਚੁੱਕ ਲਿਆ ਜਿਸ ਨੂੰ ਕਿ ਉਹ ਸਰਹਾਣੇ ਵਜੋਂ ਵਰਤਦਾ ਸੀ। ਉਸ ਦੀ ਤਹਿ ਖੋਲ੍ਹੀ, ਨਸਵਾਰ ਬਾਹਰ ਕਢੀ ਅਤੇ ਇਕ ਚੁਟਕੀ ਲਈ, ਸੋਚਿਆ ਸ਼ਾਇਦ ਇਸ ਨਾਲ ਉਸ ਦੀ ਸੋਚ ਸਪਸ਼ਟ ਰੂਪ ਧਾਰ ਸਕੇ।

ਪਰ ਨਹੀਂ। ਉਸਨੇ ਸੋਚਿਆ, ਹੋਰ ਸੋਚਿਆ। ਪਰ ਕਿਸੇ ਸਿੱਟੇ ਤੇ ਨਾ ਪੁਜ ਸਕਿਆ। ਉਹ ਚਲੇ ਜਾਣਾ ਚਾਹੁੰਦਾ ਸੀ ਪਰ ਦਇਆ ਉਸ ਨੂੰ ਰੋਕ ਰਹੀ ਸੀ। ਉਸ ਨੂੰ ਕੁਝ ਸੁੱਝ ਨਹੀਂ ਸੀ ਰਿਹਾ। ਉਸ ਨੇ ਆਪਣੇ ਕੋਟ ਦੀ ਫੇਰ ਤਹਿ ਮਾਰ ਕੇ ਮੁੜ ਸਿਰ ਹੇਠਾਂ ਰਖ ਲਿਆ। ਇੰਝ ਉਹ ਦੇਰ ਤੀਕ ਲੇਟਿਆ ਰਿਹਾ, ਕਿ ਮੁਰਗੇ ਨੇ ਪਹਿਲੀ ਬਾਂਗ ਵੀ ਦੇ ਦਿੱਤੀ। ਫੇਰ ਉਹ ਉਂਘਲਾਣ ਲਗ ਪਿਆ। ਅਤੇ ਉਸਨੂੰ ਮਹਿਸੂਸ ਹੋਇਆ ਕਿ ਕਿਸੇ ਨੇ ਉਸ ਨੂੰ ਜਗਾਇਆ ਹੈ। ਉਸ ਨੇ ਦੇਖਿਆ ਕਿ ਉਹ ਸਫ਼ਰ ਤੇ ਜਾਣ ਲਈ ਤਿਆਰ ਹੈ, ਪਿੱਠ ਤੇ ਥੈਲਾ ਤੇ ਹੱਥ ਵਿਚ ਖੂੰਡੀ ਹੈ, ਬੂਹਾ ਪੂਰੀ ਤਰ੍ਹਾਂ ਨਾਲ ਖੁਲ੍ਹਾ ਹੈ ਤਾਂ ਜੋ ਉਹ ਸੌਖਿਆਂ ਹੀ ਬਾਹਰ ਨਿਕਲ ਸਕੇ। ਉਹ ਬਾਹਰ ਨਿਕਲਣ ਵਾਲਾ ਹੀ ਸੀ ਕਿ ਉਸ ਦਾ ਥੈਲਾ ਇਕ ਪਾਸੇ ਕਿਸੇ ਚੀਜ਼ ਨਾਲ ਫਸ ਕੇ ਅਟਕ ਗਿਆ, ਉਸ ਨੇ ਇਸ ਨੂੰ ਛੁਡਾਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦੀ ਪੈਂਟ ਪੈਂਟ ਕਿਸੇ ਚੀਜ਼ ਨਾਲ ਫਸ ਗਈ। ਉਸ ਨੇ ਥੈਲਾ ਉੱਪਰ ਨੂੰ ਖਿਚਿਆ ਤਾਂ ਦੇਖਿਆ ਕਿ ਇਹ ਕਿਧਰੇ ਫਸਿਆ ਨਹੀਂ ਸੀ ਸਗੋਂ ਨਿੱਕੀ ਬਾਲੜੀ ਨੇ ਫੜਿਆ ਹੋਇਆ ਸੀ ਅਤੇ ਉਹ ਰੋ ਰਹੀ ਸੀ।—"ਰੋਟੀ ਡੈਡੀ, ਰੋਟੀ।" ਉਹਨੇ ਪਤਲੂਣ ਦੇ ਪਹੁੰਚੇ ਵੱਲ ਤਕਿਆ ਤਾਂ ਦੇਖਿਆ ਕਿ ਨਿੱਕੇ ਮੁੰਡੇ ਨੇ ਫੜਿਆ ਹੋਇਆ ਸੀ, ਜਦੋਂ ਕਿ ਘਰ ਦਾ ਮਾਲਕ ਅਤੇ ਬੁੱਢੀ ਮਾਈ ਬਾਰੀ ਵਿਚ ਉਸ ਵੱਲ ਝਾਕ ਰਹੇ ਸਨ।

ਐਲੀਸ਼ਾ ਜਾਗ ਪਿਆ ਅਤੇ ਸੁਣੀ ਜਾ ਸਕਣ ਵਾਲੀ ਆਵਾਜ਼ ਵਿਚ ਆਪਣੇ ਆਪ ਨੂੰ ਕਿਹਾ,—"ਕਲ੍ਹ ਨੂੰ ਮੈਂ ਇਹਨਾਂ ਦੇ ਖੇਤ ਛੁਡਵਾਵਾਂਗਾ, ਇਹਨਾਂ ਦੇ ਲਈ ਇਕ ਘੋੜਾ ਖਰੀਦਾਂਗਾ, ਵਾਢੀਆਂ ਤੀਕ ਦੇ ਲਈ ਆਟਾ ਖਰੀਦਾਂਗਾ ਅਤੇ ਬਾਲਾਂ ਦੇ ਲਈ ਗਾਂ ਖਰੀਦਾਂਗਾ, ਨਹੀਂ ਤਾਂ ਜੇ ਕਰ ਮੈਂ ਸਮੁੰਦਰ ਪਾਰ ਪਰਮਾਤਮਾ ਦੀ ਭਾਲ ਵਿਚ ਚਲਿਆ ਗਿਆ ਤਾਂ ਮੇਰੇ ਅੰਦਰੋਂ ਉਹ ਗੁਆਚ ਜਾਵੇਗਾ।"

ਫੇਰ ਐਲੀਸ਼ਾ ਸੌਂ ਗਿਆ, ਅਤੇ ਸਵੇਰ ਤੀਕ ਸੁੱਤਾ ਰਿਹਾ। ਉਹ ਸੁਵਖਤੇ ਜਾਗ ਪਿਆ ਅਤੇ ਧਨੀ ਕਿਸਾਨ ਪਾਸ ਜਾ ਕੇ ਖੇਤ ਆਦਿ ਗਿਰਵੀ ਤੋਂ ਛੁਡਵਾਏ। ਉਸਨੇ ਇਕ ਦਾਤਰਾ ਖਰੀਦਿਆ (ਕਿਉਂ ਜੋ ਉਹ ਵੀ ਵੇਚਿਆ ਜਾ ਚੁੱਕਾ ਸੀ) ਅਤੇ ਨਾਲ ਲਿਆਂਦਾ। ਤਦ ਉਸ ਨੇ ਬੰਦੇ



Sri Satguru Jagjit Singh Ji eLibrary NamdhariElibrary@gmail.com

ਨੂੰ ਘਾਹ ਕੱਟਣ ਲਈ ਭੇਜਿਆ, ਅਤੇ ਖੁਦ ਆਪ ਪਿੰਡ ਵਿਚ ਨੂੰ ਚਲਿਆ ਗਿਆ। ਉਸ ਨੇ ਸੁਣਿਆ ਕਿ ਪੰਚਾਇਤ ਘਰ ਵਿਚ ਇਕ ਘੋੜਾ ਅਤੇ ਇਕ ਗੱਡੀ ਵਿਕਾਊ ਹਨ ਉਸ ਨੇ ਇਹ ਖਰੀਦ ਲਏ। ਫੇਰ ਉਸ ਨੇ ਆਟੇ ਦੀ ਬੋਰੀ ਖਰੀਦੀ, ਗੱਡੀ ਤੇ ਲੱਦੀ, ਅਤੇ ਇਕ ਗਾਂ ਦੇਖਣ ਲਈ ਗਿਆ। ਜਾਂਦਾ ਜਾਂਦਾ ਉਹ ਦੋ ਤ੍ਰੀਮਤਾਂ ਪਾਸ ਦੀ ਲੰਘਿਆ ਜੋ ਕਿ ਗੱਲਾਂ ਕਰਦੀਆਂ ਜਾ ਰਹੀਆਂ ਸਨ। ਉਹ ਭਾਵੇਂ ਯੂਕਰੇਨੀ ਉਪ ਭਾਸ਼ਾ ਵਿਚ ਬੋਲ ਰਹੀਆਂ ਸਨ, ਪਰ ਉਹ ਸਮਝ ਗਿਆ ਸੀ ਜੋ ਕੁਝ ਕਿ ਉਹ ਕਹਿ ਰਹੀਆਂ ਸਨ।

"ਪਹਿਲਾਂ ਤਾਂ ਜਾਪਦਾ ਹੈ, ਉਹ ਲੋਕ ਉਸ ਨੂੰ ਜਾਣ ਨਾ ਸਕੇ, ਉਹਨਾਂ ਨੇ ਸਮਝਿਆ ਕਿ ਉਹ ਇਕ ਸਾਧਾਰਨ ਬੰਦਾ ਹੈ। ਉਹ ਅੰਦਰ ਪਾਣੀ ਦੀ ਤਲਬ ਵਿਚ ਆਇਆ ਸੀ, ਅਤੇ ਤਦ ਫੇਰ ਉਹ ਉਥੇ ਹੀ ਰਹਿ ਗਿਆ। ਸੋਚੋ ਤਾ ਸਹੀ ਉਸ ਨੇ ਉਹਨਾਂ ਦੇ ਲਈ ਕੀ ਕੁਝ ਖਰੀਦਿਆ ਹੈ। ਆਹੋ, ਉਹਦੇ ਕਹਿਣ ਵਾਂਗ, ਅੱਜ ਸਵੇਰੇ ਹੀ ਉਸ ਨੇ ਉਹਨਾਂ ਦੇ ਲਈ ਇਕ ਘੋੜਾ ਅਤੇ ਗੱਡੀ ਖਰੀਦੀ ਹੈ। ਸੰਸਾਰ ਵਿਚ ਕੋਈ ਟਾਵਾਂ ਹੀ ਇਹੋ ਜਿਹਾ ਹੁੰਦਾ ਹੈ। ਉਸ ਦੇ ਤਾਂ ਦਰਸ਼ਨ ਕਰਨੇ ਚਾਹੀਦੇ ਹਨ।"

ਐਲੀਸ਼ਾ ਨੇ ਸੁਣਿਆ ਅਤੇ ਸਮਝਿਆ ਕਿ ਉਸ ਦੀਆਂ ਸਿਫਤਾਂ ਹੋ ਰਹੀਆਂ ਹਨ, ਅਤੇ ਉਹ ਗਾਂ ਖਰੀਦਣ ਲਈ ਨਾ ਗਿਆ, ਸਗੋਂ ਜਾ ਕੇ ਘੋੜਾ ਜੋੜ ਕੇ ਝੁੱਗੀ ਨੂੰ ਲੈ ਆਇਆ ਅਤੇ ਬਾਹਰ ਹੋ ਗਿਆ। ਝੁੱਗੀ ਦੇ ਲੋਕ ਘੋੜਾ ਦੇਖ ਕੇ ਹੈਰਾਨ ਰਹਿ ਗਏ। ਉਹਨਾਂ ਨੇ ਸਮਝ ਲਿਆ ਸੀ ਕਿ ਇਹ ਉਹਨਾਂ ਦੇ ਲਈ ਹੀ ਹੋਵੇਗਾ, ਪਰ ਉਹਨਾ ਨੇ ਪੁੱਛਣ ਦਾ ਸਾਹਸ ਨਾ ਕੀਤਾ। ਬੰਦਾ ਬੂਹਾ ਖੋਲ੍ਹਣ ਦੇ ਲਈ ਬਾਹਰ ਆਇਆ।

"ਬਾਬਾ ਘੋੜਾ ਕਿਥੋਂ ਲੈ ਲਿਆ ?" ਉਸ ਨੇ ਪੁਛਿਆ।

"ਕਿਉਂ ਖਰੀਦਿਆ ਹੈ," ਐਲੀਸ਼ਾ ਨੇ ਕਿਹਾ। "ਸਸਤਾ ਹੀ ਜਾ ਰਿਹਾ ਸੀ। ਜਾਹ ਕੁਝ ਘਾਹ ਖੋਤਰ ਕੇ ਇਸ ਨੂੰ ਪਾ ਰਾਤ ਲਈ। ਅਤੇ ਬੋਰੀ ਲੈ ਜਾ।"

ਬੰਦੇ ਨੇ ਘੋੜਾ ਗੱਡੀ ਨਾਲੋਂ ਖੋਲ੍ਹਿਆ ਅਤੇ ਬੋਰੀ ਨੂੰ ਅੰਦਰ ਸਟੋਰ ਵਿਚ ਲੈ ਗਿਆ। ਫੇਰ ਉਸ ਨੇ ਕੁਝ ਘਾਹ ਖੋਤ ਕੇ ਖੁਰਲੀ ਵਿਚ ਰਖਿਆ। ਸਾਰੇ ਸੌਣ ਲਈ ਲੇਟ ਗਏ। ਐਲੀਸ਼ਾ ਬਾਹਰ ਰਾਹ ਦੇ ਪਾਸੇ ਤੇ ਜਾ ਪਿਆ। ਉਸ ਸ਼ਾਮੀ ਉਹ ਆਪਣਾ ਥੈਲਾ ਬਾਹਰ ਆਪਣੇ ਨਾਲ ਲੈ ਗਿਆ। ਜਦੋਂ ਹਰ ਕੋਈ ਸੌਂ ਗਿਆ, ਉਹ ਉਠਿਆ, ਚੀਜ਼ਾਂ ਸਾਂਭ ਕੇ ਥੈਲਾ ਤਿਆਰ ਕਰ ਲਿਆ, ਜੋੜਾ ਅਤੇ ਕੋਟ ਪਹਿਨਿਆ ਅਤੇ ਐਫਿਮ ਦੇ ਪਿਛੇ ਜਾਣ ਦੇ ਲਈ ਚਲ ਪਿਆ।

੭

ਜਦੋਂ ਐਲੀਸ਼ਾ ਤਿੰਨ ਮੀਲਾਂ ਤੋਂ ਕੁਝ ਵਧ ਫਾਸਲਾ ਤੈਅ ਕਰ ਚੁੱਕਾ ਤਾਂ ਦਿਨ ਦਾ ਚੜ੍ਹਾ ਹੋ ਗਿਆ ਸੀ। ਉਹ ਇਕ ਰੁੱਖ ਹੇਠਾਂ ਬੈਠ ਗਿਆ ਅਤੇ ਆਪਣਾ ਥੈਲਾ ਖੋਲ੍ਹਿਆ, ਆਪਣੀ ਰਕਮ ਗਿਣੀ, ਤਾਂ ਪਤਾ ਲਗਾ ਉਸਦੇ ਪਾਸ ਕੁਲ ਸਤਾਰਾਂ ਰੂਬਲ ਅਤੇ ਵੀਹ ਕੂਪਕ ਬਚੇ ਹਨ।

"ਇਤਨੀ ਪੂੰਜੀ ਨਾਲ ਸਾਗਰ ਪਾਰ ਜਾਣ ਦਾ ਕੋਈ ਅਰਥ ਨਹੀਂ ਹੈ।" ਉਸ ਨੇ ਸੋਚਿਆ। ਜੇਕਰ ਰਾਹ ਵਿਚ ਮੰਗ ਪਿੰਨ ਕੇ ਹੀ ਸਾਰਨਾ ਹੈ ਤਾਂ ਫੇਰ ਇਹ ਤਾਂ ਨਾ ਜਾਣ ਤੋਂ ਵੀ ਭੈੜੀ ਗੱਲ ਹੋਵੇਗੀ। ਮਿਤਰ ਐਫਿਮ ਮੇਰੇ ਬਿਨਾਂ ਹੀ ਯੋਰੋਸ਼ਲਮ ਜਾ ਪੁਜੇਗਾ ਅਤੇ ਦਰਗਾਹ ਤੇ ਮੇਰੇ ਵਲੋਂ ਇਕ ਮੋਮਬੱਤੀ ਰੋਸ਼ਨ ਕਰੇਗਾ। ਜਿਥੋਂ ਤੀਕ ਮੇਰੀ ਗੱਲ ਹੈ, ਜਾਪਦਾ ਹੈ ਜੀਵਨ ਵਿਚ ਕਦੇ ਵੀ ਮੇਰੇ ਪਾਸੋਂ ਆਪਣੀ ਸੁੱਖ ਪੂਰੀ ਨਹੀਂ ਹੋ ਸਕਣੀ। ਮੈਨੂੰ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਮੈਂ ਇਕ ਦਿਆਲੂ ਸੁਆਮੀ ਪਾਸ ਸੁੱਖ ਸੁੱਖੀ ਸੀ, ਜੋ ਕਿ ਪਾਪੀਆਂ ਨੂੰ ਬਖਸ਼ਣਹਾਰ ਹੈ।"

ਐਲੀਸ਼ਾ ਉਠ ਖੜੋਤਾ, 'ਝੋਲਾ ਮੋਢਿਆਂ ਤੇ ਟੰਗਿਆ ਅਤੇ ਵਾਪਸ ਮੁੜ ਪਿਆ। ਤਾਂ ਜੋ ਕੋਈ ਪਹਿਚਾਨ ਨਾ ਲਵੇ, ਉਹ ਪਿੰਡ ਤੋਂ ਵਲਾ ਪਾ ਕੇ ਲੰਘਿਆ ਅਤੇ ਕਾਹਲੀ-ਕਾਹਲੀ ਵਾਪਸ ਘਰ ਵਲ ਨੂੰ ਚਲ ਪਿਆ। ਘਰੋਂ ਆਣ ਸਮੇਂ ਪੈਂਡਾ ਔਖਾ ਜਾਪਦਾ ਸੀ, ਅਤੇ ਐਫਿਮ ਦੇ ਨਾਲ ਨਾਲ ਤੁਰਨਾ ਉਸ ਲਈ ਮੁਸ਼ਕਿਲ ਸੀ, ਪਰ ਹੁਣ ਵਾਪਸੀ ਤੇ, ਰੱਬ ਉਸ ਨੂੰ ਸਹਾਈ ਹੋਇਆ ਅਤੇ ਉਸ ਨੂੰ ਕੋਈ ਕਸ਼ਟ ਮਹਿਸੂਸ ਨਾ ਹੋਇਆ। ਤੁਰਨਾ ਬੱਚਿਆਂ ਦੀ ਖੇਡ ਜਾਪਿਆ ਉਹ ਆਪਣਾ ਡੰਡਾ ਘੁਮਾਂਦਾ ਪ੍ਰਤੀ ਦਿਨ ਚਾਲੀ ਪੰਜਾਹ ਮੀਲ ਤੈਅ ਕਰਦਾ ਚਲਿਆ ਗਿਆ।

ਜਦੋਂ ਐਲੀਸ਼ਾ ਘਰ ਪੁਜਾ ਤਾਂ ਵਾਢੀ ਹੋ ਚੁੱਕੀ ਸੀ ਅਤੇ ਉਸਦਾ ਪਰਿਵਾਰ ਉਸ ਨੂੰ ਦੇਖ ਕੇ ਖੁਸ਼ ਹੋਇਆ ਅਤੇ ਸਾਰੇ ਇਹ ਜਾਨਣ ਲਈ ਉਤਸੁਕ ਸਨ ਕਿ ਕਿਵੇਂ ਬੀਤੀ। ਕਿਉਂ ਅਤੇ ਕਿਵੇਂ ਉਹ ਪਿਛੇ ਰਹਿ ਗਿਆ ? ਅਤੇ ਉਹ ਯੂਰੋਸ਼ਲਮ ਪੁਜਣ ਤੋਂ ਬਿਨਾਂ ਹੀ ਕਿਉਂ ਪਰਤ ਆਇਆ ? ਪਰ ਐਲੀਸ਼ਾ ਕੁਝ ਨਹੀਂ ਸੀ ਦਸ ਰਿਹਾ।

"ਰੱਬ ਦੀ ਰਜ਼ਾ ਇਹੋ ਸੀ ਕਿ ਮੈਂ ਉਥੇ ਨਾ ਪੁੱਜਾਂ।"



Sri Satguru Jagjit Singh Ji eLibrary NamdhariElibrary@gmail.com

ਉਸ ਨੇ ਕਿਹਾ "ਰਾਹ ਵਿਚ ਮੇਰੇ ਪੈਸੇ ਗੁਆਚ ਗਏ ਇਕ ਮੈਂ ਆਪਣੇ ਸਾਥੀ ਤੋਂ ਪਿਛੇ ਰਹਿ ਗਿਆਂ। ਰੱਬ ਦੇ ਵਾਸਤੇ ਮੈਨੂੰ ਮੁਆਫੀ ਦੇਵੋ।"

ਜਿਤਨੇ ਪੈਸੇ ਬਾਕੀ ਬੱਚੇ ਸਨ ਉਹ ਐਲੀਸ਼ਾ ਨੇ ਆਪਣੀ ਪਤਨੀ ਨੂੰ ਦੇ ਦਿਤੇ। ਫੇਰ ਉਸ ਨੇ ਘਰ ਦੇ ਕੰਮ ਕਾਰ ਬਾਰੇ ਉਹਨਾਂ ਤੋਂ ਪੁਛਿਆ। ਸਭ ਠੀਕ ਠਾਕ ਚਲ ਰਿਹਾ ਸੀ, ਸਾਰਾ ਕੰਮ ਕਾਰ ਕੀਤਾ ਜਾ ਚੁੱਕਾ ਸੀ, ਕੋਈ ਵੀ ਛਡਿਆ ਨਹੀਂ ਸੀ ਗਿਆ, ਅਤੇ ਸਾਰੇ ਅਮਨ ਚੈਨ ਨਾਲ ਸਨ।

ਐਫਿਮ ਦੇ ਪਰਿਵਾਰ ਨੂੰ ਉਸ ਦੀ ਵਾਪਸੀ ਦਾ ਉਸੇ ਦਿਨ ਪਤਾ ਲੱਗ ਗਿਆ ਸੀ, ਅਤੇ ਉਹ ਆਪਣੇ ਬਜ਼ੁਰਗ ਬਾਰੇ ਜਾਨਣ ਲਈ ਆਏ, ਉਹਨਾਂ ਨੂੰ ਵੀ ਐਲੀਸ਼ਾ ਨੇ ਉਹੋ ਉੱਤਰ ਦਿੱਤੇ।

"ਐਫਿਮ ਤੇਜ਼ ਚਲਣ ਵਾਲਾ ਸੀ। ਅਸੀਂ ਸੰਤ ਪੀਟਰ ਦਿਵਸ ਤੋਂ ਤਿੰਨ ਦਿਨ ਪਹਿਲਾਂ ਵੱਖ ਹੋ ਗਏ ਸੀ, ਮੈਂ ਫੇਰ ਉਸ ਨਾਲ ਜਾ ਮਿਲਣਾ ਚਾਹੁੰਦਾ ਸੀ ਪਰ ਫੇਰ ਕਈ ਕੁਝ ਵਾਪਰ ਗਿਆ। ਮੇਰੇ ਪੈਸੇ ਗੁਆਚ ਗਏ, ਅਤੇ ਅੱਗੇ ਜਾਣ ਦਾ ਕੋਈ ਸਾਧਨ ਨਾ ਰਿਹਾ, ਇਸ ਲਈ ਮੈਂ ਵਾਪਸ ਪਰਤ ਆਇਆ।

ਲੋਕ ਹੈਰਾਨ ਸਨ ਕਿ ਐਨੇ ਸਿਆਣੇ ਬੰਦੇ ਨੇ ਇਤਨੀ ਮੂਰਖਤਾ ਕੀਤੀ ਹੈ, ਗਿਆ ਵੀ ਪਰ ਮੰਜ਼ਿਲ ਤੀਕ ਨਾ ਪੁੱਜਾ, ਅਤੇ ਸਾਰੀ ਰਕਮ ਖੁਰਦ-ਬੁਰਦ ਕੀਤੀ। ਕੁਝ ਦੇਰ ਤੀਕ ਤਾਂ ਸਾਰੇ ਹੈਰਾਨ ਹੁੰਦੇ ਰਹੇ ਪਰ ਫੇਰ ਸਭ ਭੁਲ ਭੁਲਾ ਗਏ, ਐਲੀਸ਼ਾ ਵੀ ਭੁਲ ਗਿਆ। ਉਹ ਘਰ ਦੇ ਕੰਮ-ਕਾਰ ਵਿਚ ਰੁੱਝ ਗਿਆ। ਆਪਣੇ ਪੁਤਰ ਦੀ ਸਹਾਇਤਾ ਨਾਲ ਉਸ ਨੇ ਸਿਆਲ ਰੁੱਤ ਲਈ ਬਾਲਣ ਲਈ ਲੱਕੜਾਂ ਕੱਟੀਆਂ। ਉਸ ਨੇ ਅਤੇ ਤ੍ਰੀਮਤਾਂ ਨੇ ਅਨਾਜ ਛੰਡਿਆ। ਫੇਰ ਉਸ ਨੇ ਬਾਹਰਲੇ ਘਰਾਂ ਦੀਆਂ ਛੱਤਾਂ ਦੀ ਮੁਰੰਮਤ ਕੀਤੀ, ਮਧੂ-ਮੱਖੀਆਂ ਛੌਰੇ ਹੇਠ ਕੀਤੀਆਂ ਅਤੇ ਆਪਣੇ ਗੁਆਂਢੀ ਨੂੰ ਉਹ ਦਸ ਛੱਤੇ ਦਿੱਤੇ ਜਿਹੜੇ ਕਿ ਉਸ ਨੇ ਬਹਾਰ ਰੁੱਤ ਵਿਚ ਵੇਚੇ ਸਨ ਅਤੇ ਉਹਨਾਂ ਦਾ ਸਾਰਾ ਬੱਚ ਵੀ ਦਿੱਤਾ। ਉਸ ਦੀ ਪਤਨੀ ਨੇ ਇਹ ਨਾਂਹ ਦਸਣ ਦੀ ਕੋਸ਼ਿਸ਼ ਕੀਤੀ ਸੀ ਕਿ ਕਿਤਨਾ ਬੱਚ ਹੋਇਆ ਹੈ ਪਰ ਐਲੀਸ਼ਾ ਨੂੰ ਇਸ ਬਾਰੇ ਸਾਰਾ ਕੁਝ ਪਤਾ ਹੈ ਸੀ। ਅਤੇ ਦਸਾਂ ਦੀ ਥਾਂ ਉਸ ਨੇ ਗੁਆਂਢੀ ਨੂੰ ਸਤਾਰਾਂ ਦਿੱਤੇ ਸਨ। ਸਿਆਲ ਰੁੱਤ ਦੇ ਲਈ ਸਾਰੀ ਤਿਆਰੀ ਕਰ ਲੈਣ ਉਪਰੰਤ ਐਲੀਸ਼ਾ ਨੇ ਆਪਣੇ ਪੁਤਰ ਨੂੰ ਕੰਮ ਦੀ ਭਾਲ ਲਈ ਭੇਜ ਦਿੱਤਾ, ਅਤੇ ਖੁਦ ਆਪ ਰੁੱਖਾਂ ਦੀ ਛਿਲ ਤੋਂ ਜੁਤੀਆਂ ਗੁੰਦਣ ਤੇ ਲੱਕੜ ਦੀਆਂ ਗੇਲੀਆਂ ਵਿਚ ਮੱਖੀਆਂ ਦੇ ਛੱਤਿਆਂ ਲਈ ਖੁਦਾਈ ਕਰਨ ਲੱਗ ਪਿਆ।

੮

ਸਾਰੇ ਉਸ ਦਿਨ ਜਦੋਂ ਐਲੀਸ਼ਾ ਪਿਛੇ ਝੁੱਗੀ ਵਿਚ ਬੀਮਾਰ ਲੋਕਾਂ ਦੇ ਪਾਸ ਰੁਕਿਆ ਸੀ, ਐਫਿਮ ਨੇ ਉਸ ਦੀ ਉਡੀਕ ਕੀਤੀ। ਅਜੇ ਕੁਝ ਹੀ ਦੂਰ ਗਿਆ ਸੀ ਕਿ ਉਹ ਬੈਠ ਗਿਆ ਉਸ ਦੀ ਉਡੀਕ ਲਈ। ਉਹ ਉਡੀਕਦਾ ਰਿਹਾ, ਉਡੀਕਦਾ ਰਿਹਾ, ਠੌਂਕਾ ਵੀ ਲਗਾ ਲਿਆ, ਮੁੜ ਜਾਗ ਪਿਆ, ਅਤੇ ਮੁੜ ਬੈਠਾ ਉਡੀਕਦਾ ਰਿਹਾ। ਪਰ ਉਸ ਦਾ ਸੰਗੀ ਨਾ ਆਇਆ। ਉਹ ਝਾਕਦਾ ਰਿਹਾ ਕਿ ਅੱਖਾਂ ਪੀੜ ਕਰ ਉਠੀਆਂ। ਸੂਰਜ ਇਕ ਰੁਖ ਉਹਲੇ ਅਸਤ ਹੋ ਰਿਹਾ ਸੀ ਪਰ ਐਲੀਸ਼ਾ ਕਿਧਰੇ ਵੀ ਦਿਖਾਈ ਨਹੀਂ ਸੀ ਦੇ ਰਿਹਾ।

"ਸ਼ਾਇਦ ਉਹ ਮੇਰੇ ਨਾਲੋਂ ਅੱਗੇ ਲੰਘ ਗਿਆ", ਐਫਿਮ ਨੇ ਸੋਚਿਆ, ਹੋ ਸਕਦਾ ਹੈ ਉਸ ਨੂੰ ਕੋਈ ਸਵਾਰੀ ਮਿਲ ਗਈ ਹੋਵੇ ਅਤੇ ਮੇਰੇ ਸੁੱਤਿਆ ਉਹ ਅੱਗੇ ਲੰਘ ਗਿਆ ਹੋਵੇ, ਅਤੇ ਮੈਨੂੰ ਦੇਖਿਆ ਹੀ ਨਾ ਹੋਵੇ। ਪਰ ਉਹ ਮੈਨੂੰ ਦੇਖੇ ਬਿਨਾਂ ਕਿਵੇਂ ਰਹਿ ਸਕਦਾ ਸੀ? ਏਥੇ ਸਟੈਪੀ (ਘਾਹ ਦੇ ਮੈਦਾਨਾਂ) ਵਿਚ ਬੰਦਾ ਦੂਰ-ਦੂਰ ਤੀਕ ਦੇਖ ਸਕਦਾ ਹੈ। ਕੀ ਮੈਂ ਪਿਛੇ ਪਰਤ ਜਾਵਾਂ? ਮਨ ਲਉ ਉਹ ਅੱਗੇ ਲੰਘ ਗਿਆ, ਫੇਰ ਅਸੀਂ ਬਿਲਕੁਲ ਵਿਛੜ ਜਾਵਾਂਗੇ ਅਤੇ ਇਹ ਵੀ ਬਹੁਤ ਭੈੜੀ ਗੱਲ ਹੋਵੇਗੀ। ਮੈਨੂੰ ਚਲਦੇ ਹੀ ਰਹਿਣਾ ਚਾਹੀਦਾ ਹੈ, ਅਤੇ ਜਿਥੇ ਕਿਤੇ ਅਸੀਂ ਰਾਤ ਕੱਟਣ ਦੇ ਲਈ ਠਹਿਰਾਂਗੇ ਉਥੇ ਅਵੱਸ਼ ਟਾਕਰਾ ਹੋ ਜਾਵੇਗਾ।

ਉਹ ਇਕ ਪਿੰਡ ਪੁੱਜਾ ਅਤੇ ਚੌਂਕੀਦਾਰ ਨੂੰ ਕਿਹਾ ਕਿ ਜੇਕਰ ਕੋਈ ਇਸ ਪ੍ਰਕਾਰ ਦਾ ਬੰਦਾ ਆਵੇ ਤਾਂ ਉਸ ਨੂੰ ਇਸ ਦੇ ਪਾਸ ਲੈ ਆਵੇ, ਜਿਥੇ ਕਿ ਉਹ ਠਹਿਰਿਆ ਹੋਇਆ ਸੀ। ਪਰ ਐਲੀਸ਼ਾ ਉਸ ਰਾਤ ਨਾ ਆਇਆ। ਐਫਿਮ ਚਲਦਾ ਰਿਹਾ ਅਤੇ ਹਰ ਕਿਸੇ ਤੋਂ ਪੁਛਦਾ ਰਿਹਾ ਕਿ ਕੀ ਕਿਸੇ ਇਕ ਮਧਰਾ ਜਿਹਾ, ਗੰਜਾ, ਬੁੱਢਾ ਤਾਂ ਨਹੀਂ ਦੇਖਿਆ? ਇਹੋ ਜਿਹਾ ਮੁਸਾਫਰ ਕਿਸੇ ਨੇ ਵੀ ਨਹੀਂ ਸੀ ਦੇਖਿਆ। ਐਫਿਮ ਹੈਰਾਨ ਸੀ, ਪਰ ਉਹ ਇਕੱਲਾ ਹੀ ਤੁਰਦਾ ਰਿਹਾ, ਇਹ ਕਹਿੰਦਾ ਹੋਇਆ—"ਅਸੀਂ ਅਵੱਸ਼ ਹੀ ਓਡੀਸਾ ਵਿਖੇ ਮਿਲ ਪਵਾਂਗੇ ਜਾਂ ਫੇਰ ਜਹਾਜ਼ ਉੱਤੇ", ਅਤੇ ਉਸ ਨੇ ਇਸ ਬਾਰੇ ਕੋਈ ਬਹੁਤੀ ਚਿੰਤਾ ਨਾ ਕੀਤੀ।

ਰਾਹ ਵਿਚ ਉਸ ਨੂੰ ਕਾਸਕਾਂ ਵਾਲੇ ਪਹਿਰਾਵੇ ਵਿਚ ਇਕ ਤੀਰਥ ਯਾਤਰੀ ਮਿਲਿਆ, ਜਿਸ ਦੇ ਵਾਲ ਲੰਬੇ ਸਨ



Sri Satguru Jagjit Singh Ji eLibrary NamdhariElibrary@gmail.com

ਅਤੇ ਉਸ ਨੇ ਪਾਦਰੀਆਂ ਵਾਂਗ ਨਿੱਕੀ ਟੋਪੀ ਪਹਿਨ ਰੱਖੀ ਸੀ। ਇਹ ਤੀਰਥ ਯਾਤਰੀ ਐਥੋਸ ਪਰਬਤ ਦੀ ਯਾਤਰਾ ਕਰ ਚੁੱਕਾ ਸੀ ਅਤੇ ਹੁਣ ਯੂਰੋਸ਼ਲਮ ਦੀ ਯਾਤਰਾ ਲਈ ਦੂਜੀ ਵਾਰ ਜਾ ਰਿਹਾ ਸੀ। ਇਕ ਰਾਤ ਉਹ ਇਕ ਹੀ ਥਾਂ ਤੇ ਰੁਕੇ, ਅਤੇ ਅੱਗੇ ਇਕੱਠਿਆਂ ਸਫਰ ਕਰਦੇ ਰਹੇ।

ਉਹ ਸੁੱਖੀ ਸਾਦੀ ਉਡੀਸਾ ਪੁੱਜ ਗਏ ਅਤੇ ਉਥੇ ਜ਼ਹਾਜ ਦੇ ਲਈ ਤਿੰਨ ਦਿਨ ਉਡੀਕ ਕਰਨੀ ਪਈ। ਉਥੇ ਵੱਖ-ਵੱਖ ਥਾਵਾਂ ਤੋਂ ਬਹੁਤ ਸਾਰੇ ਯਾਤਰੀ ਸਨ। ਏਥੇ ਐਫਿਮ ਨੇ ਫੇਰ ਐਲੀਸ਼ਾ ਬਾਰੇ ਪਤਾ ਕੀਤਾ, ਪਰ ਕਿਸੇ ਨੇ ਵੀ ਉਸ ਨੂੰ ਨਹੀਂ ਸੀ ਦੇਖਿਆ।

ਐਫਿਮ ਨੇ ਬਦੇਸ਼ੀ ਪਾਸਪੋਰਟ ਪ੍ਰਾਪਤ ਕੀਤਾ, ਜਿਸ ਲਈ ਉਸ ਨੇ ਪੰਜ ਰੂਬਲ ਅਦਾ ਕੀਤੇ। ਉਸ ਨੇ ਯੂਰੋਸ਼ਲਮ ਦੇ ਵਾਪਸੀ ਟਿਕਟ ਲਈ ਚਾਲੀ ਰੂਬਲ ਅਦਾ ਕੀਤੇ, ਅਤੇ ਰਾਹ ਦੇ ਲਈ ਰੋਟੀ ਖਰੀਦੀ।

ਯਾਤਰੀ ਨੇ ਐਫਿਮ ਨੂੰ ਸਮਝਾਣਾ ਸ਼ੁਰੂ ਕੀਤਾ ਕਿ ਕਿਵੇਂ ਬਿਨਾਂ ਭਾੜਾ ਖਰਚਿਆਂ ਉਹ ਸਫਰ ਕਟ ਸਕਦਾ ਹੈ, ਪਰ ਐਫਿਮ ਨੇ ਕੰਨ ਨਾ ਧਰਿਆ "ਨਹੀਂ, ਮੈਂ ਭਾੜਾ ਦਿਆਂਗਾ", ਉਸ ਨੇ ਕਿਹਾ।

ਜਹਾਜ਼ ਦੀਆਂ ਸਵਾਰੀਆਂ ਪੂਰੀਆਂ ਹੋ ਗਈਆਂ। ਲੰਗਰ ਚੁੱਕ ਲਏ ਗਏ ਅਤੇ ਜਹਾਜ਼ ਬਾਹਰ ਸਾਗਰ ਵਿਚ ਨੂੰ ਹੋ ਗਿਆ ਸਾਰਾ ਦਿਨ ਠੀਕ-ਠਾਕ ਸਫ਼ਰ ਜਾਰੀ ਰਿਹਾ। ਪਰ ਰਾਤ ਵੇਲੇ ਹਵਾ ਤੇਜ਼ ਹੋ ਗਈ, ਮੀਂਹ ਪੈਣ ਲਗਾ ਅਤੇ ਜਹਾਜ਼ ਡੋਲਣ ਲਗ ਪਿਆ ਤੇ ਪਾਣੀ ਵੀ ਅੰਦਰ ਆ ਗਿਆ। ਲੋਕ ਡਰ ਗਏ, ਇਸਤਰੀਆਂ ਰੋਣ ਡਹਿ ਪਈਆਂ, ਚੀਕਾਂ ਮਾਰ ਮਾਰ ਕੇ, ਅਤੇ ਕੁਝ ਕਮਦਿਲ ਬੰਦੇ ਬਚਾਉ ਵਾਲੀ ਥਾਂ ਦੀ ਭਾਲ ਵਿਚ ਨਸ ਭਜ ਕਰਨ ਲੱਗੇ। ਐਫਿਮ ਵੀ ਡਰ ਗਿਆ, ਪਰ ਉਸ ਨੇ ਜ਼ਾਹਰ ਨਾ ਕੀਤਾ, ਅਤੇ ਜਿਸ ਥਾਂ ਤੇ, ਡੈਕ ਤੇ, ਜਹਾਜ਼ ਤੇ ਸਵਾਰ ਹੋਣ ਉਪਰੰਤ ਹੈ ਸੀ, ਕੁਝ ਲੋਕਾਂ ਦੇ ਨਾਲ ਉਥੇ ਹੀ ਟਿਕਿਆ ਬੈਠਾ ਰਿਹਾ। ਉਹ ਸਾਰੀ ਰਾਤ, ਅਤੇ ਅਗਲੇ ਦਿਨ ਵੀ, ਆਪਣੀਆਂ ਬੋਰੀਆਂ ਫੜ ਕੇ ਚੁਪ ਚਾਪ ਬੈਠੇ ਰਹੇ। ਤੀਜੇ ਦਿਨ ਸਭ ਕੁਝ ਸ਼ਾਂਤ ਹੋ ਗਿਆ ਅਤੇ ਪੰਜਵੇਂ ਦਿਨ ਉਹਨਾਂ ਨੇ ਕੁਸਤਨਤੁਨੀਆਂ ਜਾ ਲੰਗਰ ਸੁਟਿਆ। ਕੁਝ ਯਾਤਰੀ ਕੰਢੇ ਤੇ ਉਤਰੇ ਤਾਂ ਜੋ ਉਹ ਸੇਂਟ ਸੋਫੀਆ ਗਿਰਜੇ ਦੇ ਦਰਸ਼ਨ ਕਰ ਸਕਣ, ਜੋ ਕਿ ਤੁਰਕਾਂ ਦੇ ਅਧਿਕਾਰ ਹੇਠ ਸੀ। ਐਫਿਮ ਜਹਾਜ਼ ਤੇ ਹੀ ਰਿਹਾ, ਅਤੇ ਕੇਵਲ ਕੁਝ ਸਫੇਦ ਡਬਲ ਰੋਟੀ ਖ਼ਰੀਦੀ। ਉਹ ਚੌਵੀ ਘੰਟਿਆ ਲਈ ਉਥੇ ਰੁਕੇ ਅਤੇ ਫੇਰ ਮੁੜ ਸਫ਼ਰ ਤੇ ਚੱਲ ਪਏ। ਸਿਮਰਨਾ ਵਿਖੇ ਉਹ ਫੇਰ ਰੁਕੇ, ਅਤੇ ਸਕੰਦਰੇਤਾ ਵਿਖੇ ਵੀ ਅੰਤਕਾਰ ਉਹ ਭਲੀਭਾਂਤ ਜਾਫ਼ਾ ਜਾ ਪੁਜੇ, ਜਿਥੇ ਕਿਧਰੇ ਯਾਤਰੀਆਂ ਨੇ ਉਤਰਨਾ ਸੀ। ਉਥੇ ਵੀ ਅਜੇ ਯੂਰੋਸ਼ਲਮ ਚਾਲੀ ਮੀਲ ਦਾ ਪੈਂਡਾ ਪੈਦਲ ਦਾ ਸੀ। ਜ਼ਹਾਜ ਤੋਂ ਉਤਰਨ ਸਮੇਂ ਲੋਕ ਫੇਰ ਬਹੁਤ ਡਰੇ। ਜਹਾਜ਼ ਉੱਚਾ ਸੀ ਅਤੇ ਲੋਕਾਂ ਨੂੰ ਕਿਸ਼ਤੀਆਂ ਵਿਚ ਕੁਦਣਾ ਪੈਂਦਾ ਸੀ। ਜਿਹੜੀਆਂ ਇਤਨੀਆਂ ਹਚਕੋਲੇ ਖਾ ਰਹੀਆਂ ਸਨ ਕਿ ਬੰਦਾ ਉਹਨਾਂ ਦੀ ਬਜਾਏ ਸੌਖਿਆਂ ਹੀ ਪਾਣੀ ਵਿਚ ਡਿਗ ਸਕਦਾ ਸੀ। ਕੁਝ ਬੰਦੇ ਡਿਗ ਕੇ ਭਿੱਜੇ ਵੀ ਪਰ ਅੰਤਕਾਰ ਸਾਰੇ ਹੀ ਹਿਫ਼ਾਜ਼ਤ ਨਾਲ ਉਤਰ ਗਏ।

ਉਹ ਪੈਦਲ ਚਲਦੇ ਗਏ ਅਤੇ ਤੀਜੇ ਦਿਨ ਦੁਪਹਿਰ ਸਮੇਂ ਯੂਰੋਸ਼ਲਮ ਪੁਜ ਗਏ। ਉਹ ਸ਼ਹਿਰ ਤੋਂ ਬਾਹਰ ਰੂਸੀ ਹੋਟਲ ਵਿਚ ਰੁਕੇ, ਜਿਥੇ ਉਹਨਾਂ ਦੇ ਪਾਸਪੋਰਟ ਤਸਦੀਕੇ ਗਏ। ਫੇਰ ਖਾਣਾ ਖਾਣ ਉਪਰੰਤ ਐਫਿਮ ਨੇ ਆਪਣੇ ਸਾਥੀ ਯਾਤਰੀਆਂ ਨਾਲ ਪਵਿਤਰ ਸਥਾਨਾਂ ਦੇ ਦਰਸ਼ਨ ਕੀਤੇ। ਸਾਰੇ ਹੀ ਯਾਤਰੀ ਉਥੇ ਇਕੱਠੇ ਕੀਤੇ ਗਏ। ਇਸਤਰੀਆਂ ਨੂੰ ਬੰਦਿਆਂ ਤੋਂ ਵੱਖ ਕੀਤਾ ਗਿਆ, ਸਾਰਿਆਂ ਨੂੰ ਨੰਗੇ ਪੈਰੀਂ ਇਕ ਚੱਕਰ ਵਿਚ ਬੈਠਣ ਲਈ ਕਿਹਾ ਗਿਆ। ਫੇਰ ਇਕ ਪੁਜਾਰੀ ਤੌਲੀਆਂ ਫੜ ਕੇ ਉਹਨਾਂ ਦੇ ਚਰਨ ਧੋਣ ਦੇ ਲਈ ਆਇਆ। ਉਸ ਨੇ ਉਹਨਾਂ ਦੇ ਚਰਨ ਧੋਤੇ, ਪੂੰਝੇ ਅਤੇ ਫੇਰ ਚੁੰਮੇ। ਐਫਿਮ ਦੇ ਪੈਰ ਵੀ ਹੋਰਾਂ ਵਾਂਗ ਹੀ ਧੋਤੇ ਅਤੇ ਚੁਮੇ ਗਏ। ਸਵੇਰ ਸ਼ਾਮ ਦੀਆਂ ਪ੍ਰਾਰਥਨਾਵਾਂ ਵਿਚ ਉਹ ਸ਼ਾਮਿਲ ਹੋਏ, ਪਵਿਤਰ ਥਾਵਾਂ ਤੇ ਮੋਮ ਬੱਤੀਆਂ ਰੱਖੀਆਂ। ਚੜ੍ਹਾਵੇ ਚੜ੍ਹਾਏ ਅਗਲੀ ਸਵੇਰ ਨੂੰ ਉਹ ਮਿਸਰ ਦੀ ਮੇਰੀ ਦੇ ਸਥਾਨ ਤੇ ਗਏ, ਜਿਥੇ ਉਸ ਨੇ ਤੱਪ ਕੀਤਾ ਸੀ। ਏਥੇ ਵੀ ਉਹਨਾਂ ਨੇ ਮੋਮ ਬੱਤੀਆਂ ਰੱਖੀਆਂ ਅਤੇ ਆਪਣੇ ਨਾਵਾਂ ਦੀ ਅਰਦਾਸ ਕਰਵਾਈ। ਉਥੋਂ ਉਹ ਅਬਰਾਹੀਮ ਦੀ ਖ਼ਾਨਗਾਰ ਵਿਖੇ ਗਏ ਅਤੇ ਉਸ ਥਾਂ ਦੇ ਦਰਸ਼ਨ ਕੀਤੇ ਜਿਥੇ ਕਿ ਅਬਰਾਹੀਮ ਨੇ ਰੱਬ ਦੀ ਰਾਹ ਵਿਚ ਆਪਣੇ ਪੁਤਰ ਦੀ ਕੁਰਬਾਨੀ ਦੇਣੀ ਸੀ। ਫੇਰ ਉਹ ਉਸ ਥਾਂ ਤੇ ਗਏ ਜਿਥੇ ਈਸਾ ਨੇ ਮੇਰੀ ਮਗਦਾਲੇਨ ਨੂੰ ਪ੍ਰਗਟ ਹੋ ਕੇ ਦਰਸ਼ਨ ਦਿੱਤੇ ਸਨ। ਪ੍ਰਭੂ ਦੇ ਭਰਾ ਜੇਮਜ਼ ਦੇ ਚਰਚ ਦੇ ਵੀ ਦਰਸ਼ਨ ਕੀਤੇ। ਉਸ ਸਹਿ ਯਾਤਰੀ ਨੇ ਐਫਿਮ ਨੂੰ ਸਾਰੇ ਥਾਵਾਂ ਦੇ ਦਰਸ਼ਨ ਕਰਵਾਏ ਅਤੇ ਇਹ ਵੀ ਦਸਿਆ ਕਿ ਕਿਸ ਸਥਾਨ ਤੇ ਕਿਤਨੇ ਪੈਸੇ ਦੇਣੇ ਹਨ। ਦੁਪਹਿਰ ਵੇਲੇ ਉਹ ਹੋਟਲ ਪਰਤ



Sri Satguru Jagjit Singh Ji eLibrary NamdhariElibrary@gmail.com

ਆਏ ਅਤੇ ਭੋਜਨ ਛਕਿਆ। ਜਦੋਂ ਉਹ ਲੇਟਣ ਅਤੇ ਵਿਸਰਾਮ ਕਰਨ ਲਈ ਤਿਆਰੀ ਕਰ ਹੀ ਰਹੇ ਸਨ ਕਿ ਯਾਤਰੀ ਚੀਕ ਉਠਿਆ, ਆਪਣੇ ਕੱਪੜੇ ਲਤੇ ਟੋਹਣ ਲੱਗਾ। —"ਮੇਰਾ ਬਟੂਆ ਚੋਰੀ ਹੋ ਗਿਆ, ਉਸ ਵਿਚ ਤੇਈ ਰੂਬਲ ਸਨ", ਉਸ ਨੇ ਕਿਹਾ, "ਦੋ ਦਸ ਦਸ ਰੂਬਲ ਦੇ ਨੋਟ ਅਤੇ ਬਾਕੀ ਭਾਨ ਸੀ।" ਉਸ ਨੇ ਹੌਕਾ ਭਰਿਆ ਅਤੇ ਚੋਖਾ ਚਿਰ ਵਾਵੇਲਾ ਕੀਤਾ, ਪਰ ਕਿਉਂ ਜੋ ਇਸ ਦਾ ਕੋਈ ਇਲਾਜ ਨਹੀਂ ਸੀ, ਉਹ ਲੇਟ ਕੇ ਸੌਂ ਗਏ।

੯

ਐਫਿਮ ਲੇਟਿਆ ਹੋਇਆ ਸੋਚ ਰਿਹਾ ਸੀ।—"ਇਸ ਯਾਤਰੀ ਦੇ ਕੋਈ ਪੈਸੇ ਕਿਸੇ ਨੇ ਚਰਾਏ ਨਹੀਂ ਹਨ।" ਉਹ ਸੋਚ ਰਿਹਾ ਸੀ। ਮੈਂ ਨਹੀਂ ਸਮਝਦਾ ਕਿ ਉਸ ਦੇ ਪਾਸ ਕੁਝ ਹੈ ਵੀ ਸੀ ਕਿ ਨਹੀਂ। ਉਸ ਨੇ ਕਿਧਰੇ ਵੀ ਕੁਝ ਨਹੀਂ ਸੀ ਦਿੱਤਾ, ਭਾਵੇਂ ਕਿ ਉਸ ਨੇ ਮੇਰੇ ਪਾਸੋਂ ਦਿਲਵਾਏ ਸਨ ਅਤੇ ਏਥੋਂ ਤੀਕ ਕਿ ਮੇਰੇ ਪਾਸ ਤੋਂ ਇਕ ਰੂਬਲ ਉਧਾਰ ਵੀ ਲਿਆ ਸੀ।"

ਇਹ ਵਿਚਾਰ ਉਸ ਦੇ ਮਨ ਵਿਚ ਆਇਆ ਹੀ ਸੀ ਕਿ ਐਫਿਮ ਨੇ ਆਪਣੇ ਆਪ ਨੂੰ ਕੋਸਿਆ ਤੇ ਕਿਹਾ, "ਮੈਨੂੰ ਕੀ ਅਧਿਕਾਰ ਹੈ ਕਿ ਮੈਂ ਕਿਸੇ ਬਾਰੇ ਨਿਰਣੇ ਕਰਾਂ? ਇਹ ਇਕ ਪਾਪ ਹੈ। ਮੈਂ ਕਿਸੇ ਬਾਰੇ ਹੋਰ ਨਹੀਂ ਸੋਚਾਂਗਾ।" ਪਰ ਜਿਉਂ ਹੀ ਉਸ ਦੇ ਵਿਚਾਰ ਚੱਕਰ ਕਟਦੇ ਉਹ ਘੁੰਮ ਫਿਰ ਕੇ ਯਾਤਰੀ ਨਾਲ ਹੀ ਆ ਜਾਂਦੇ—ਪੈਸੇ ਵਲ ਉਹਦਾ ਕਿਤਨਾ ਧਿਆਨ ਹੈ, ਅਤੇ ਜਦੋਂ ਉਸ ਨੇ ਕਿਹਾ ਕਿ ਉਸ ਦਾ ਬਟੂਆ ਚੋਰੀ ਹੋ ਗਿਆ ਤਾਂ ਇਹ ਗੱਲ ਕਿੰਨੀ ਓਪਰੀ ਜਾਪਦੀ ਸੀ। "ਉਸ ਦੇ ਪਾਸ ਕਦੇ ਕੋਈ ਪੈਸਾ ਹੀ ਨਹੀਂ ਸੀ", ਐਫਿਮ ਨੇ ਸੋਚਿਆ, "ਇਹ ਸਭ ਮਨਘੜਤ ਹੈ।"

ਸ਼ਾਮੀ ਉਹ ਉਠੇ ਅਤੇ ਪੁਨਰ-ਉਠਾਣ ਗਿਰਜੇ ਵਿਖੇ ਅਧੀ ਰਾਤ ਦੀ ਪ੍ਰਾਰਥਣਾ ਲਈ ਗਏ, ਜਿਥੇ ਪਵਿੱਤਰ ਸਮਾਧ ਹੈ। ਯਾਤਰੀ ਐਫਿਮ ਦੇ ਨੇੜੇ-ਨੇੜੇ ਰਿਹਾ ਅਤੇ ਹਰ ਥਾਂ ਉਸ ਦੇ ਨਾਲ-ਨਾਲ ਗਿਆ। ਉਹ ਗਿਰਜਾਘਰ ਗਏ, ਉਥੇ ਬਹੁਤ ਸਾਰੇ ਤੀਰਥ ਯਾਤਰੀ ਸਨ, ਕੁਝ ਰੂਸੀ ਅਤੇ ਹੋਰ ਕੌਮੀਅਤਾਂ ਦੇ, ਯੂਨਾਨੀ, ਆਰਮੀਨੀ, ਤੁਰਕ ਅਤੇ ਸੀਰੀਆਈ। ਐਫਿਮ ਭੀੜ ਦੇ ਨਾਲ ਹੀ ਪਵਿੱਤਰ ਬੂਹੇ ਪਾਰ ਕਰ ਗਿਆ। ਇਕ ਪੁਜਾਰੀ ਉਹਨਾਂ ਨੂੰ ਉਸ ਥਾਂ ਤੇ ਲੈ ਗਿਆ ਜਿਥੇ ਪ੍ਰਭੂ ਨੂੰ ਸਲੀਬ ਤੋਂ ਉਤਾਰਿਆ ਗਿਆ ਸੀ ਅਤੇ ਤੇਲ ਦੀ ਮਾਲਿਸ਼ ਕੀਤੀ ਗਈ ਸੀ, ਅਤੇ ਜਿਥੇ ਨੌਂ ਸ਼ਮਾਦਾਨਾਂ ਵਿਚ ਮੋਮਬੱਤੀਆਂ ਰੌਸ਼ਨ ਸਨ। ਪੁਜਾਰੀ ਨੇ ਸਭ ਕੁਝ ਦੇ ਦਰਸ਼ਨ ਕਰਵਾਏ ਅਤੇ ਸਭ ਕੁਝ ਬਿਆਨ ਕੀਤਾ। ਐਫਿਮ ਨੇ ਉਥੇ ਇਕ ਮੋਮਬੱਤੀ ਚੜ੍ਹਾਈ। ਫੇਰ ਪੁਜਾਰੀ ਐਫਿਮ ਨੂੰ ਸੱਜੇ ਪਾਸੇ ਨੂੰ ਲੈ ਗਿਆ, ਗੋਲ ਗੋਥਾ ਦੀਆਂ ਪੌੜੀਆਂ ਤੀਕ ਜਿਥੇ ਕਿ ਸਲੀਬ ਖੜੋਤੀ ਸੀ। ਐਫਿਮ ਨੇ ਉਥੇ ਪ੍ਰਾਰਥਨਾ ਕੀਤੀ। ਫੇਰ ਉਸ ਨੂੰ ਉਹ ਥਾਂ ਦਿਖਲਾਈ ਜਿਥੇ ਈਸਾ ਦੇ ਹੱਥ ਪੈਰ ਮੇਖਾਂ ਨਾਲ ਸਲੀਬ ਵਿਚ ਗੱਡੇ ਗਏ ਸਨ, ਫੇਰ ਆਦਮ ਦੀ ਕਬਰ ਜਿਥੇ ਕਿ ਈਸਾ ਦਾ ਖੂਨ ਆਦਮ ਦੀਆਂ ਹੱਡੀਆਂ ਤੇ ਟਪਕਿਆ ਸੀ। ਫੇਰ ਉਸ ਨੂੰ ਉਹ ਪੱਥਰ ਦਿਖਲਾਇਆ ਗਿਆ ਜਿਸ ਤੇ ਈਸਾ ਉਦੋਂ ਬੈਠਾ ਸੀ ਜਦੋਂ ਉਸ ਨੂੰ ਕੰਡਿਆਂ ਦਾ ਤਾਜ ਪਹਿਨਾਇਆ ਗਿਆ ਸੀ, ਫੇਰ ਉਹ ਖੰਭਾ ਦਿਖਾਇਆ ਗਿਆ ਜਿਸ ਨਾਲ ਕਿ ਈਸਾ ਨੂੰ ਨੂੜ ਕੇ ਕੋੜੇ ਮਾਰੇ ਗਏ ਸਨ। ਫੇਰ ਐਫਿਮ ਨੇ ਉਹ ਸਿਲ ਦੇਖੀ ਜਿਸ ਤੇ ਕਿ ਈਸਾ ਦੀਆਂ ਪੈੜਾਂ ਦੇ ਛੇਦ ਸਨ। ਉਹ ਉਸ ਨੂੰ ਹੋਰ ਕੁਝ ਦੇ ਦਰਸ਼ਨ ਵੀ ਕਰਵਾਂਦੇ ਕਿ ਭੀੜ ਵਿਚ ਹਲਚਲ ਜਿਹੀ ਹੋ ਗਈ। ਸਾਰੇ ਹੀ ਪ੍ਰਭੂ ਦੀ ਸਮਾਧੀ ਵਾਲੇ ਗਿਰਜੇ ਵਲ ਨੂੰ ਕਾਹਲੀ ਕਾਹਲੀ ਜਾ ਰਹੇ ਸਨ। ਉਥੇ ਯੂਨਾਨੀਆਂ ਦੀ ਪ੍ਰਾਰਥਨਾ ਸਮਾਪਤ ਹੋ ਚੁੱਕੀ ਸੀ ਅਤੇ ਰੂਸੀਆਂ ਦੀ ਪ੍ਰਾਰਥਨਾ ਆਰੰਭ ਹੋ ਰਹੀ ਸੀ ਅਤੇ ਐਫਿਮ ਭੀੜ ਦੇ ਨਾਲ-ਨਾਲ ਉਸ ਕਬਰ ਵਲ ਗਿਆ ਜੋ ਕਿ ਚਟਾਨ ਕੱਟ ਕੇ ਬਣਾਈ ਗਈ ਸੀ।

ਉਸ ਨੇ ਯਾਤ੍ਰੀ ਤੋਂ ਪਿਛਾ ਛੁਡਾਣ ਦੀ ਕੋਸ਼ਿਸ਼ ਕੀਤੀ, ਜਿਸ ਦੇ ਵਿਰੁਧ ਉਹ ਅਜੇ ਵੀ ਮਨ ਹੀ ਮਨ ਵਿਚ ਪਾਪ ਦਾ ਭਾਗੀ ਸੀ, ਪਰ ਯਾਤ੍ਰੀ ਸੀ ਕਿ ਖਹਿੜਾ ਹੀ ਨਹੀਂ ਸੀ ਛੱਡ ਰਿਹਾ। ਉਹਨਾਂ ਨੇ ਅੱਗੇ ਹੋਣ ਦੀ ਕੋਸ਼ਿਸ਼ ਕੀਤੀ, ਪਰ ਉਹ ਬਹੁਤ ਪਛੜ ਕੇ ਗਏ ਸਨ। ਭੀੜ ਇਤਨੀ ਸੀ ਕਿ ਅੱਗੇ ਜਾਂ ਪਿਛੇ ਨੂੰ ਹੋਣਾ ਮੁਸ਼ਕਿਲ ਸੀ। ਐਫਿਮ ਆਪਣੇ ਸਾਹਮਣੇ ਦੇਖਦਾ ਹੋਇਆ ਖੜ੍ਹੋ ਗਿਆ, ਭਜਨ ਕਰਦਾ ਹੋਇਆ, ਅਤੇ ਵਾਰ ਵਾਰ ਆਪਣੇ ਬਟੂਏ ਨੂੰ ਟੋਂਹਦਾ ਹੋਇਆ। ਉਹ ਦੋਚਿੱਤੀ ਵਿਚ ਸੀ, ਕਈ ਵਾਰ ਉਹ ਸੋਚਦਾ ਕਿ ਯਾਤ੍ਰੀ ਉਸ ਨੂੰ ਧੋਖਾ ਦੇ ਰਿਹਾ ਹੈ, ਫੇਰ ਉਹ ਸੋਚਦਾ ਕਿ ਜੇਕਰ ਯਾਤ੍ਰੀ ਸੱਚ ਕਹਿ ਰਿਹਾ ਸੀ ਅਤੇ ਸਚਮੁਚ ਹੀ ਉਸ ਦਾ ਬਟੂਆ ਚੋਰੀ ਹੋ ਗਿਆ ਸੀ, ਤਾਂ ਇਹ ਵਰਤਾਰਾ ਉਸ ਨਾਲ ਵੀ ਵਰਤ ਸਕਦਾ ਸੀ।

੧੦

ਐਫਿਮ ਉਥੇ ਖੜੋਤਾ ਨਿੱਕ ਗਿਰਜੇ ਵਲ ਦੇਖਦਾ



Sri Satguru Jagjit Singh Ji eLibrary NamdhariElibrary@gmail.com

ਰਿਹਾ ਜਿਥੇ ਕਿ ਪਵਿਤ੍ਰ ਸਮਾਧ ਸੀ, ਜਿਸ ਤੇ ਕਿ ਛੱਤੀ ਚਰਾਗ਼ ਜਲ ਰਹੇ ਸਨ। ਉਹ ਜਿਉਂ ਹੀ ਉਥੇ ਖੜੋ ਕੇ ਲੋਕਾਂ ਦੇ ਸਿਰਾਂ ਉਪਰ ਦੀ ਝਾਕਣ ਲੱਗਾ ਤਾਂ ਉਸ ਨੇ ਉਹ ਕੁਝ ਦੇਖਿਆ ਜਿਸ ਨੇ ਕਿ ਉਸ ਨੂੰ ਹੈਰਾਨ ਕਰ ਦਿੱਤਾ। ਚਰਾਗ਼ਾਂ ਦੇ ਐਨ ਹੇਠਾਂ, ਜਿਨ੍ਹਾਂ ਵਿਚ ਕਿ ਪਵਿਤ੍ਰ ਅਗਨੀ ਜਲ ਰਹੀ ਸੀ, ਅਤੇ ਸਾਰਿਆਂ ਤੋਂ ਅੱਗੇ, ਐਫਿਮ ਨੇ ਇਕ ਬੁਢਾ ਬੰਦਾ ਦੇਖਿਆ ਜਿਸ ਨੇ ਭੂਰੇ ਰੰਗ ਦਾ ਕੋਟ ਪਹਿਨਿਆ ਹੋਇਆ ਸੀ ਜਿਸ ਦਾ ਗੰਜਾ ਚਮਕਦਾਰ ਸਿਰ ਬਿਲਕੁਲ ਹੀ ਐਲੀਸ਼ਾ ਬਾਦਰੋਵ ਵਰਗਾ ਹੀ ਸੀ।

"ਇਹ ਤਾਂ ਉਹਦੇ ਵਰਗਾ ਹੈ, "ਐਫਿਮ ਨੇ ਸੋਚਿਆ, ਪਰ ਇਹ ਐਲੀਸ਼ਾ ਨਹੀਂ ਹੋ ਸਕਦਾ। ਉਹ ਮੇਰੇ ਨਾਲ ਪਹਿਲਾਂ ਨਹੀਂ ਸੀ ਪੁਜ ਸਕਦਾ। ਸਾਡੇ ਜਹਾਜ਼ ਤੋਂ ਪਹਿਲਾਂ ਜਹਾਜ਼ ਇਕ ਹਫਤਾ ਪਹਿਲਾਂ ਚਲਿਆ ਸੀ। ਉਹ ਉਹ ਜਹਾਜ਼ ਨਹੀਂ ਸੀ ਫੜ ਸਕਦਾ, ਅਤੇ ਉਹ ਸਾਡੇ ਵਾਲੇ ਤੇ ਨਹੀਂ ਸੀ, ਕਿਉਂ ਜੋ ਮੈਂ ਜਹਾਜ਼ ਤੇ ਸਵਾਰ ਸਾਰਿਆਂ ਨੂੰ ਦੇਖਿਆ ਸੀ।"

ਐਫਿਮ ਨੇ ਅਜੇ ਇਹ ਕੁਝ ਸੋਚਿਆ ਹੀ ਸੀ ਨਿੱਕਾ ਬੁੱਢਾ ਬੰਦਾ ਪ੍ਰਾਰਥਨਾ ਕਰਨ ਲਗ ਪਿਆ ਅਤੇ ਤਿੰਨ ਵਾਰ ਝੁਕਿਆ, ਇਕ ਵਾਰ ਪਰਮਾਤਮਾ ਸਾਹਮਣੇ ਅੱਗੇ ਨੂੰ ਅਤੇ ਇਕ ਇਕ ਵਾਰ ਹਰ ਪਾਸੇ ਨੂੰ—ਭਰਾਵਾਂ ਲਈ। ਅਤੇ ਜਦੋਂ ਉਹ ਸੱਜੇ ਪਾਸੇ ਨੂੰ ਝੁਕਿਆ ਤਾਂ ਐਫਿਮ ਨੇ ਉਸ ਨੂੰ ਪਹਿਚਾਣ ਲਿਆ। ਇਹ ਤਾਂ ਐਲੀਸ਼ਾ ਬਾਦਰੋਵ ਹੀ ਸੀ, ਘਨੀ ਕਾਲੀ ਦਾੜ੍ਹੀ ਵਾਲਾ ਜਿਹੜੀ ਕਿ ਖਾਕੀ ਤੇ ਧੌਲੀ ਹੋ ਰਹੀ ਸੀ, ਉਹੋ ਭਰਵੱਟੇ, ਉਹੋ ਅੱਖਾਂ ਅਤੇ ਨੱਕ ਅਤੇ ਚੇਹਰੇ ਦਾ ਉਹੋ ਪਰਭਾਵ ਮੁਹਾਂਦਰਾ। ਆਹੋ, ਇਹ ਉਹੋ ਸੀ।

ਐਫਿਮ ਆਪਣੇ ਸਾਥੀ ਨੂੰ ਦੋਬਾਰਾ ਲਭ ਜਾਣ ਤੇ ਬਹੁਤ ਖੁਸ਼ ਹੋਇਆ ਅਤੇ ਹੈਰਾਨ ਵੀ ਕਿ ਐਲੀਸ਼ਾ ਉਸ ਤੋਂ ਪਹਿਲਾਂ ਕਿਵੇਂ ਪੁਜ ਗਿਆ।

"ਸ਼ਾਬਾਸ਼ ਐਲੀਸ਼ਾ", ਉਸ ਨੇ ਸੋਚਿਆ, "ਹੈਂ ਉਹ ਕਿਵੇਂ ਅੱਗੇ ਲੰਘ ਗਿਆ। ਕੋਈ ਬੰਦਾ ਉਸ ਨੂੰ ਢੰਗ ਦੱਸਣ ਵਾਲਾ ਮਿਲ ਗਿਆ ਹੋਵੇਗਾ। ਬਾਹਰ ਜਾਣ ਤੇ ਮੈਂ ਉਸ ਨੂੰ ਭਾਲਾਂਗਾ, ਇਸ ਨਿੱਕੀ ਟੋਪੀ ਵਾਲੇ ਤੋਂ ਖਹਿੜਾ ਛੁਡਵਾ ਕੇ ਐਲੀਸ਼ਾ ਦਾ ਸੰਗ ਕਰਾਂਗਾਂ। ਸ਼ਾਇਦ ਉਹ ਮੈਨੂੰ ਵੀ ਦਸ ਦੇਵੇ ਕਿ ਅੱਗੇ ਕਿਵੇਂ ਜਾਇਆ ਜਾ ਸਕਦਾ ਹੈ।"

ਐਫਿਮ ਅੱਗੇ ਹੀ ਝਾਕਦਾ ਰਿਹਾ ਤਾਂ ਜੋ ਐਲੀਸ਼ਾ ਨਜ਼ਰਾਂ ਤੋਂ ਓਹਲੇ ਨਾ ਹੋ ਜਾਵੇ। ਪਰ ਜਦੋਂ ਪ੍ਰਾਰਥਨਾ ਸਮਾਪਤ ਹੋਈ ਤਾਂ ਭੀੜ ਵਧਣ ਲੱਗ ਪਈ, ਕਬਰ ਨੂੰ ਚੁੰਮਣ ਲਈ ਅੱਗੇ ਨੂੰ ਧੱਕਾ ਮਾਰਨ ਲੱਗੀ, ਅਤੇ ਐਫਿਮ ਨੂੰ ਇਕ ਪਾਸੇ ਨੂੰ ਧਕੇਲ ਦਿੱਤਾ। ਉਸ ਨੂੰ ਫੇਰ ਚਿੰਤਾ ਹੋਈ ਕਿ ਕਿਤੇ ਉਸ ਦਾ ਬਟੂਆ ਚੋਰੀ ਨਾ ਹੋ ਜਾਵੇ। ਇਕ ਹੱਥ ਨਾਲ ਇਸ ਨੂੰ ਘੁੱਟ ਕੇ ਉਹ ਭੀੜ ਵਿਚ ਦੀ ਲੰਘਣ ਲੱਗਾ, ਬਾਹਰ ਜਾਣ ਦੀ ਕਾਹਲ ਵਿਚ। ਜਦੋਂ ਉਹ ਬਾਹਰ ਨਿਕਲ ਗਿਆ ਤਾਂ ਦੇਰ ਤੀਕ ਐਲੀਸ਼ਾ ਦੀ ਭਾਲ ਕਰਦਾ ਰਿਹਾ। ਉਹਨੇ ਗਿਰਜੇ ਦੇ ਲੰਗਰ ਵਿਚ ਹਰ ਤਰ੍ਹਾਂ ਦੇ ਲੋਕ ਦੇਖੇ, ਭੋਜਨ ਛਕ ਰਹੇ, ਪੀ ਰਹੇ, ਪੜ੍ਹ ਰਹੇ ਅਤੇ ਉਥੇ ਸੌਂ ਰਹੇ। ਪਰ ਐਲੀਸ਼ਾ ਕਿਧਰੇ ਵੀ ਦਿਖਾਈ ਨਾ ਦਿੱਤਾ। ਐਫਿਮ ਸਾਥੀ ਨੂੰ ਲੱਭੇ ਬਿਨਾਂ ਹੀ ਸਰਾਂ ਵਿਚ ਮੁੜ ਆਇਆ। ਉਸ ਸ਼ਾਮੀਂ ਨਿੱਕੀ ਟੋਪੀ ਵਾਲਾ ਯਾਤ੍ਰੀ ਨਾ ਟਕਰਿਆ। ਉਹ ਰੂਬਲ ਮੋੜੇ ਬਿਨਾਂ ਹੀ ਚਲਿਆ ਗਿਆ ਅਤੇ ਐਫਿਮ ਇਕੱਲਾ ਰਹਿ ਗਿਆ।

ਅਗਲੀ ਭਲਕ ਐਫਿਮ ਫੇਰ ਪਵਿਤ੍ਰ ਸਮਾਧ ਤੇ ਗਿਆ ਨਾਲ ਸੀ ਤਾਮਬੋਵ ਵਾਸੀ ਇਕ ਬਜ਼ੁਰਗ ਜਿਹੜਾ ਕਿ ਉਸ ਨੂੰ ਜਹਾਜ਼ ਤੇ ਮਿਲਿਆ ਸੀ। ਉਸ ਨੇ ਅੱਗੇ ਹੋ ਜਾਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਪਿਛੇ ਧਕ ਦਿੱਤਾ ਗਿਆ, ਇਸ ਲਈ ਉਹ ਇਕ ਥੱਮ੍ਹ ਨਾਲ ਲੱਗ ਕੇ ਖਲੋ ਗਿਆ ਅਤੇ ਪ੍ਰਾਰਥਨਾ ਕੀਤੀ। ਉਸ ਨੇ ਆਪਣੇ ਸਾਹਮਣੇ ਨਜ਼ਰ ਮਾਰੀ, ਅਤੇ ਅੱਗੇ, ਸਭ ਤੋਂ ਅੱਗੇ, ਚਰਾਗ਼ਾਂ ਦੇ ਹੇਠਾਂ ਕਰ ਕੇ, ਪ੍ਰਭੂ ਦੀ ਸਮਾਧ ਦੇ ਨੇੜੇ ਕਰ ਕੇ, ਐਲੀਸ਼ਾ ਖੜੋਤਾ ਸੀ, ਜਿਸ ਦੀਆਂ ਬਾਹਾਂ ਇਕ ਪਾਦਰੀ ਵਾਂਗ ਫੈਲਾਈਆਂ ਹੋਈਆਂ ਸਨ, ਜਿਸ ਦਾ ਗੰਜਾ ਸਿਰ ਸਾਰਾ ਚਮਕ ਰਿਹਾ ਸੀ।

"ਠੀਕ ਹੈ ਹੁਣ", ਐਫਿਮ ਨੇ ਸੋਚਿਆ, "ਹੁਣ ਨਹੀਂ ਮੈਂ ਉਹਨੂੰ ਗੁਆਚਣ ਦੇਣਾ।" ਉਹ ਧੱਕਾ ਮਾਰਦਾ ਹੋਇਆ ਅੱਗੇ ਨੂੰ ਵਧਿਆ, ਪਰ ਜਦੋਂ ਉਹ ਉਥੇ ਪੁਜਾ, ਐਲੀਸ਼ਾ ਉਥੇ ਨਹੀਂ ਸੀ, ਜਾਪਦਾ ਸੀ ਕਿ ਉਹ ਉਥੋਂ ਚਲਿਆ ਗਿਆ।

ਫੇਰ ਤੀਜੇ ਦਿਨ ਵੀ, ਐਫਿਮ ਨੇ ਭਾਲ ਕੀਤੀ ਤਾਂ ਦੇਖਿਆ ਕਿ ਸਮਾਧ ਦੇ ਲਾਗੇ, ਸਭ ਤੋਂ ਪਵਿਤ੍ਰ ਸਥਾਨ ਤੇ, ਐਲੀਸਾ ਸਾਰਿਆਂ ਦੇ ਦੇਖਦਿਆਂ ਖੜੋਤਾ ਹੋਇਆ ਸੀ, ਉਸ ਦੀਆਂ ਬਾਹਾਂ ਫੈਲੀਆਂ ਹੋਈਆਂ ਸਨ, ਨਿਗਾਹਾਂ ਉਪਰ ਨੂੰ ਝਾਕ ਰਹੀਆਂ ਸਨ ਜਿਵੇਂ ਉਹ ਉਪਰ ਕੁਝ ਦੇਖ ਰਿਹਾ ਹੋਵੇ ਅਤੇ ਉਸ ਦਾ ਗੰਜਾ ਸਿਰ ਚਮਕ ਰਿਹਾ ਸੀ।

"ਠੀਕ ਹੈ, ਇਸ ਵਾਰ ਉਹ ਮੇਰੇ ਪਾਸੋਂ ਖੁਸਣ ਨਹੀਂ ਲੱਗਾ", ਐਫਿਮ ਨੇ ਸੋਚਿਆ।" ਮੈਂ ਜਾ ਕੇ ਬੂਹੇ ਤੇ ਖਲੋ



Sri Satguru Jagjit Singh Ji eLibrary NamdhariElibrary@gmail.com

ਜਾਵਾਂਗਾ, ਫੇਰ ਅਸੀਂ ਇਕ ਦੂਜੇ ਤੋਂ ਖੁੱਸਣ ਨਹੀਂ ਲੱਗੇ ।"

ਐਫ਼ਿਮ ਬਾਹਰ ਜਾ ਕੇ ਦੁਪਹਿਰ ਤੀਕ ਬੂਹੇ ਤੇ ਖਲੋਤਾ ਰਿਹਾ । ਸਾਰੇ ਲੰਘ ਚੁਕੇ ਪਰ ਐਲੀਸ਼ਾ ਨਾ ਆਇਆ ।

ਐਫ਼ਿਮ ਛੇ ਹਫ਼ਤੇ ਯੂਰੋਸ਼ਲਮ ਵਿਚ ਰਿਹਾ ਅਤੇ ਹਰ ਥਾਂ ਤੇ ਗਿਆ, ਬੈਤਲਹੈਮ, ਅਤੇ ਬੈਥਾਨੀ, ਅਤੇ ਜਾਰਡਨ ਗਿਆ । ਆਪਣੇ ਕਫ਼ਨ ਦੇ ਲਈ ਉਸ ਨੇ ਛਪਿਆ ਹੋਇਆ ਚੋਗਾ ਲਿਆ, ਉਸ ਨੇ ਜਾਰਡਨ ਨਦੀ ਤੋਂ ਪਵਿਤ੍ਰ ਜਲ ਦੀ ਬੋਤਲ ਭਰੀ ਅਤੇ ਕੁਝ ਪਵਿਤ੍ਰ ਮਿਟੀ ਲਈ ਅਤੇ ਪਵਿਤ੍ਰ ਲਾਟ ਤੋਂ ਰੋਸ਼ਨ ਕੀਤੀਆਂ ਮੋਮਬੱਤੀਆਂ ਖ਼ਰੀਦੀਆਂ । ਅਠ ਥਾਵਾਂ ਤੇ ਉਸ ਨੇ ਆਪਣੇ ਨਾਂ ਦੀਆਂ ਅਰਦਾਸਾਂ ਕਰਵਾਈਆਂ, ਵਾਪਸੀ ਲਈ ਲੋੜੀਂਦੀ ਰਕਮ ਰੱਖ ਕੇ ਬਾਕੀ ਖਰਚ ਕਰ ਦਿੱਤੀ। ਫੇਰ ਉਹ ਘਰ ਨੂੰ ਚਲ ਪਿਆ । ਉਹ ਜਾਫ਼ਾ ਤੀਕ ਪੈਦਲ ਚਲਿਆ, ਉਥੋਂ ਓਡੀਸਾਂ ਤੀਕ ਸਮੁੰਦਰੀ ਸਫਰ ਕੀਤਾਂ ਤੇ ਉਥੋਂ ਘਰ ਤੀਕ ਪੈਦਲ ਤੁਰਿਆ ਗਿਆ ।

੧੧

ਐਫ਼ਿਮ ਜਿਸ ਰਾਹ ਤੋਂ ਆਇਆ ਸੀ ਉਸੇ ਰਾਹ ਤੇ ਪਰਤਿਆ, ਅਤੇ ਜਿਵੇਂ ਜਿਵੇਂ ਉਹ ਘਰ ਦੇ ਨੇੜੇ ਹੋ ਰਿਹਾ ਸੀ ਉਸ ਦੀ ਪਹਿਲੀ ਜਗਿਆਸਾ ਜਾਗਦੀ ਗਈ ਕਿ ਉਸ ਦੇ ਮਗਰੋਂ ਪਿੱਛੇ ਕੰਮ ਕਿਵੇਂ ਚਲਦਾ ਰਿਹਾ ਹੋਵੇਗਾ । "ਇਕ ਵਰ੍ਹੇ ਵਿਚ ਬਹੁਤ ਕੁਝ ਹੋ ਜਾਂਦਾ ਹੈ । ਇਕ ਘਰ-ਪਰਬੰਧ ਨੂੰ ਬਣਾਉਣ ਦੇ ਲਈ ਸਾਰੀ ਜ਼ਿੰਦਗੀ ਲਗ ਜਾਂਦੀ ਹੈ ਪਰ ਤਬਾਹ ਕਰਨ ਵਿਚ ਪੱਲ ਵੀ ਨਹੀਂ ਲਗਦਾ, ਉਸ ਨੇ ਸੋਚਿਆ । ਉਸ ਨੂੰ ਫ਼ਿਕਰ ਸੀ ਕਿ ਉਸ ਦੇ ਪੁੱਤਰ ਨੇ ਉਸ ਤੋਂ ਬਿਨਾਂ ਕਿਵੇਂ ਸਾਰਿਆ ਹੋਵੇਗਾ । ਡੰਗਰ ਪਸ਼ੂ ਦਾ ਕੀ ਹਾਲ ਹੋਵੇਗਾ । ਕੀ ਛੱਪਰ ਭਲੀ-ਭਾਂਤ ਪੂਰਾ ਹੋ ਗਿਆ ਹੋਵੇਗਾ ਕਿ ਨਹੀਂ । ਜਦੋਂ ਐਫ਼ਿਮ ਉਸ ਖੇਤਰ ਵਿਚ ਪੁਜਿਆ ਜਿਥੋਂ ਉਹ ਐਲੀਸ਼ਾ ਨਾਲੋਂ ਵਿਛੜਿਆ ਸੀ, ਉਸ ਨੂੰ ਯਕੀਨ ਹੀ ਨਹੀਂ ਸੀ ਆ ਰਿਹਾ ਕਿ ਇਥੋਂ ਦੀ ਵਸੋਂ ਦੇ ਲੋਕ ਉਹੋ ਪਹਿਲਾਂ ਵਾਲੇ ਹੀ ਹਨ । ਇਕ ਵਰ੍ਹਾਂ ਪਹਿਲਾਂ ਉਹ ਭੁੱਖੇ ਮਰ ਰਹੇ ਸਨ, ਪਰ ਹੁਣ ਉਹ ਸੌਖਾ ਜੀਵਨ ਬਤੀਤ ਕਰ ਰਹੇ ਸਨ । ਫ਼ਸਲ ਵਾਹਵਾ ਹੋਈ ਸੀ, ਲੋਕਾਂ ਨੂੰ ਸੁਰਤ ਆ ਗਈ ਸੀ ਅਤੇ ਉਹ ਆਪਣੀ ਪਿਛਲੀ ਮੁਸੀਬਤ ਭੁਲਾ ਚੁੱਕੇ ਸਨ ।

ਇਕ ਸ਼ਾਮੀ ਐਫ਼ਿਮ ਠੀਕ ਉਸ ਥਾਂ ਤੇ ਪੁੱਜਾ ਜਿੱਥੇ ਕਿ ਐਲੀਸ਼ਾ ਪਿੱਛੇ ਰਹਿ ਗਿਆ ਸੀ, ਜਿਉਂ ਹੀ ਉਹ ਪਿੰਡ ਵਿਚ ਦਾਖ਼ਲ ਹੋਇਆ ਇਕ ਨਿੱਕੀ ਕੁੜੀ, ਸਫ਼ੇਦ ਫ਼ਰਾਕ ਵਾਲੀ, ਝੁੱਗੀ ਵਿਚ ਦੌੜਦੀ ਹੋਈ ਬਾਹਰ ਆਈ ।

"ਡੈਡੀ, ਡੈਡੀ, ਸਾਡੇ ਘਰ ਆਓ ।"

ਐਫ਼ਿਮ ਲੰਘ ਜਾਣਾ ਚਾਹੁੰਦਾ ਸੀ ਪਰ ਬਾਲੜੀ ਨੇ ਉਸ ਨੂੰ ਜਾਣ ਨਾ ਦਿੱਤਾ । ਉਸ ਨੇ ਉਹਦਾ ਕੋਟ ਫੜ ਲਿਆ, ਹਸਦਿਆਂ ਹੋਇਆਂ, ਉਸ ਨੂੰ ਝੁੱਗੀ ਵਲ ਨੂੰ ਧੂ ਕੇ ਲੈ ਗਈ । ਜਿਥੇ ਇਕ ਇਸਤਰੀ ਅਤੇ ਇਕ ਨਿੱਕਾ ਮੁੰਡਾ ਉਸ ਦੀ ਅਗਵਾਈ ਲਈ ਬਾਹਰ ਆਏ—"ਅੰਦਰ ਲੰਘ ਆਓ ਬਾਪੂ", ਉਸ ਇਸਤਰੀ ਨੇ ਕਿਹਾ, "ਭੋਜਨ ਛੱਕੋ ਅਤੇ ਰਾਤ ਸਾਡੇ ਪਾਸ ਠਹਿਰੋ ।"

ਇੰਝ ਐਫ਼ਿਮ ਅੰਦਰ ਚਲਿਆ ਗਿਆ, "ਮੈਂ ਐਲੀਸ਼ਾ ਦੇ ਬਾਰੇ ਵੀ ਪੁੱਛ ਹੀ ਲਵਾਂ", ਉਸ ਨੇ ਸੋਚਿਆ । "ਜਾਪਦਾ ਹੈ ਇਹ ਉਹੋ ਝੁੱਗੀ ਹੈ ਜਿਥੋਂ ਉਹ ਪਾਣੀ ਪੀਣ ਦੇ ਲਈ ਗਿਆ ਸੀ ।"

ਇਸਤਰੀ ਨੇ ਉਸ ਦਾ ਝੋਲਾ ਲੁਹਾਣ ਵਿਚ ਹੱਥ ਵਟਾਇਆ ਅਤੇ ਹੱਥ ਮੂੰਹ ਧੋਣ ਦੇ ਲਈ ਉਸ ਨੂੰ ਪਾਣੀ ਦਿੱਤਾ । ਫੇਰ ਉਸ ਨੇ ਉਹਨੂੰ ਮੇਜ਼ ਤੇ ਬੈਠਣ ਦੇ ਲਈ ਕਿਹਾ ਅਤੇ ਦੁੱਧ, ਪਨੀਰ ਅਤੇ ਦਲੀਆ ਉਸ ਲਈ ਪਰੋਸਿਆ । ਐਫ਼ਿਮ ਨੇ ਉਸ ਦਾ ਧੰਨਵਾਦ ਕੀਤਾ ਅਤੇ ਇਕ ਯਾਤਰੀ ਲਈ ਉਸ ਦੀ ਮੇਹਰਬਾਨੀ ਅਤੇ ਦਿਆਲਤਾ ਦੀ ਸਿਫਤ ਕੀਤੀ । ਇਸਤਰੀ ਨੇ ਆਪਣਾ ਸਿਰ ਹਿਲਾਇਆ । "ਯਾਤਰੀਆਂ ਦਾ ਸੁਆਗਤ ਕਰਨ ਲਈ ਸਾਡੇ ਪਾਸ ਕਾਰਨ ਹੈ" ਉਸ ਨੇ ਕਿਹਾ । "ਇਹ ਇਕ ਯਾਤਰੀ ਹੀ ਸੀ ਜਿਸ ਨੇ ਸਾਨੂੰ ਦੱਸਿਆ ਸੀ ਕਿ ਜ਼ਿੰਦਗੀ ਕੀ ਹੈ । ਅਸੀਂ ਰੱਬ ਤੋਂ ਬੇਮੁੱਖ ਹੋ ਕੇ ਰਹਿ ਰਹੇ ਸੀ ਅਤੇ ਰੱਬ ਨੇ ਸਾਨੂੰ ਸਜ਼ਾ ਵਜੋਂ ਲਗਪਗ ਮਾਰ ਹੀ ਦਿੱਤਾ ਸੀ । ਪਿਛਲੀਆਂ ਗਰਮੀਆਂ ਅਸੀਂ ਸਾਰੇ ਹੀ ਬੀਮਾਰ ਪੈ ਗਏ, ਲਾਚਾਰ ਹੋ ਗਏ ਅਤੇ ਖਾਣ ਲਈ ਕੁਝ ਵੀ ਨਹੀਂ ਸੀ ਰਿਹਾ । ਅਸੀਂ ਤਾਂ ਮਰ ਮੁਕ ਹੀ ਜਾਣਾ ਸੀ ਪਰ ਰੱਬ ਨੇ ਇਕ ਬਜ਼ੁਰਗ ਸਾਡੀ ਸਹਾਇਤਾ ਲਈ ਭੇਜ ਦਿੱਤਾ—ਐਨ ਤੁਹਾਡੇ ਜਿਹਾ ਹੀ ਸੀ ਉਹ । ਇਕ ਦਿਨ ਉਹ ਪਾਣੀ ਪੀਣ ਦੇ ਲਈ ਅੰਦਰ ਆਇਆ ਸੀ, ਸਾਡੀ ਹਾਲਤ ਉਸ ਨੇ ਦੇਖੀ, ਸਾਡੇ ਤੇ ਦਿਆ ਕੀਤੀ, ਅਤੇ ਸਾਡੇ ਨਾਲ ਰਹਿ ਪਿਆ । ਉਸ ਨੇ ਸਾਨੂੰ ਖਾਣ ਪੀਣ ਨੂੰ ਦਿੱਤਾ ਅਤੇ ਸਾਨੂੰ ਮੁੜ ਸਾਡੇ ਪੈਰਾਂ ਤੇ ਖੜਾ ਕਰ ਦਿੱਤਾ, ਉਸ ਨੇ ਸਾਡੀ ਭੋਇ ਗਿਰਵੀ ਤੋਂ ਛੁਡਾਈ ਇਕ ਘੋੜਾ ਅਤੇ ਗੱਡੀ ਖ਼ਰੀਦ ਕੇ ਸਾਨੂੰ ਦਿੱਤੀ"—ਏਥੇ ਬੁੱਢੀ ਮਾਈ, ਝੁੱਗੀ ਵਿਚ ਦਾਖ਼ਲ ਹੁੰਦੀ ਹੋਈ ਅਤੇ ਯੁਵਕ ਦੀ ਗੱਲ ਨੂੰ ਕੱਟ ਕੇ ਬੋਲੀ, "ਅਸੀਂ ਇਹ ਵੀ ਨਹੀਂ ਜਾਣਦੇ ਕਿ ਉਹ ਕੋਈ ਬੰਦਾ ਸੀ ਕਿ ਰੱਬ ਵਲੋਂ ਭੇਜਿਆ ਕੋਈ ਫ਼ਰਿਸ਼ਤਾ ਸੀ । ਉਸ ਨੇ ਸਾਨੂੰ ਸਭਨਾਂ ਨੂੰ ਪਿਆਰ ਕੀਤਾ, ਸਭਨਾਂ ਬਾਰੇ ਦਇਆ



Sri Satguru Jagjit Singh Ji eLibrary NamdhariElibrary@gmail.com

ਕੀਤੀ, ਅਤੇ ਸਾਨੂੰ ਆਪਣਾ ਨਾਂ ਤਕ ਦੱਸੇ ਬਿਨਾ ਚਲਿਆ ਗਿਆ। ਅਸੀਂ ਤਾਂ ਇਹ ਵੀ ਨਹੀਂ ਜਾਣਦੇ ਕਿ ਕਿਸ ਦੇ ਲਈ ਪ੍ਰਾਰਥਨਾ ਕਰੀਏ। ਮੈਨੂੰ ਤਾਂ ਅਜੇ ਵੀ ਸਭ ਕੁਝ ਪਰਤੱਖ ਰੂਪ ਵਿਚ ਯਾਦ ਹੈ। ਮੈਂ ਉਥੇ ਪਈ ਸਾਂ ਮੌਤ ਨੂੰ ਉਡੀਕਦੀ, ਜਦੋਂ ਇਕ ਗੰਜੇ ਸਿਰ ਵਾਲਾ ਬੁੱਢਾ ਬੰਦਾ ਅੰਦਰ ਆਇਆ। ਉਹ ਕੋਈ ਬਹੁਤ ਦੇਖਣ ਯੋਗ ਵੀ ਨਹੀਂ ਸੀ ਅਤੇ ਉਸ ਨੇ ਪੀਣ ਲਈ ਪਾਣੀ ਮੰਗਿਆ। ਮੈਂ, ਪਾਪਣ ਨੇ ਸੋਚਿਆ ਸੀ, 'ਉਹ ਏਥੇ ਦੱਬੇ ਪੈਰੀਂ ਕਾਹਦੇ ਲਈ ਆਇਆ ਹੈ ?' ਅਤੇ ਹੁਣ ਬਸ ਦੇਖ ਲਓ ਉਸ ਨੇ ਕੀ ਕੁਝ ਕੀਤਾ। ਸਾਨੂੰ ਦੇਖਦੇ ਸਾਰ ਉਸ ਨੇ ਥੈਲਾ ਲਾਹ ਕੇ ਰੱਖ ਦਿੱਤਾ, "ਐਨ ਇਸ ਥਾਂ ਤੇ, ਅੰਤ ਫੇਰ ਖੋਲ੍ਹ ਦਿੱਤਾ।"

ਏਥੇ ਨਿੱਕੀ ਕੁੜੀ ਗੱਲ ਬਾਤ ਵਿਚ ਸ਼ਾਮਿਲ ਹੋ ਗਈ।

"ਨਹੀਂ ਦਾਦੀ ਮਾਂ," ਉਸ ਨੇ ਕਿਹਾ, "ਪਹਿਲਾਂ ਉਸ ਨੇ ਇਹ ਏਥੇ ਝੁੱਗੀ ਦੇ ਵਿਚਕਾਰ ਰੱਖਿਆ ਸੀ, ਫੇਰ ਚੁਕ ਕੇ ਬੈਂਚ ਤੇ ਰੱਖਿ ਾ ਸੀ।" ਅਤੇ ਉਹ ਬਹਿਸ ਕਰਨ ਤੇ ਉਹ ਸਭ ਕੁਝ ਚੇਤੇ ਕਰਨ ਲੱਗ ਪਏ ਜੋ ਕੁਝ ਉਸ ਨੇ ਕਿਹਾ ਸੀ ਅਤੇ ਕੀਤਾ ਸੀ, ਉਹ ਕਿੱਥੇ ਬੈਠਾ ਸੀ ਅਤੇ ਕਿੱਥੇ ਸੁੱਤਾ ਸੀ ਅਤੇ ਉਹ ਨੇ ਉਹਨਾਂ 'ਚੋਂ ਹਰ ਇਕ ਨੂੰ ਕੀ ਕੁਝ ਕਿਹਾ ਸੀ।

ਰਾਤ ਨੂੰ ਕਿਸਾਨ ਆਪ ਘੋੜੇ ਤੇ ਘਰ ਆਇਆ ਅਤੇ ਉਸ ਨੇ ਵੀ ਐਲੀਸ਼ਾ ਦੇ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ ਕਿ ਉਹ ਉਹਨਾਂ ਦੇ ਨਾਲ ਕਿਵੇਂ ਕਿਵੇਂ ਰਿਹਾ ਸੀ।

"ਜੇਕਰ ਉਹ ਨਾ ਆਇਆ ਹੁੰਦਾ ਤਾਂ ਸਾਨੂੰ ਤਾਂ ਸਾਡੇ ਪਾਪਾਂ ਨੇ ਹੀ ਮਾਰ ਛੱਡਣਾ ਸੀ। ਅਸੀਂ ਲਾਚਾਰੀ ਵਿਚ ਰੱਬ ਅਤੇ ਬੰਦੇ ਵਿਰੁੱਧ ਗਿਲੇ ਕਰਦੇ ਮਰ ਰਹੇ ਸੀ। ਪਰ ਉਸਨੇ ਸਾਨੂੰ ਮੁੜ ਸਾਡੇ ਪੈਰਾਂ ਤੇ ਖੜਾ ਕਰ ਦਿੱਤਾ, ਅਤੇ ਉਸ ਰਾਹੀਂ ਅਸੀਂ ਰੱਬ ਨੂੰ ਜਾਨਣ ਸਿੱਖਿਆ ਅਤੇ ਇਹ ਮੰਨਿਆ ਕਿ ਬੰਦੇ ਵਿਚ ਚੰਗਿਆਈ ਤੇ ਨੇਕੀ ਹੈਗੀ ਹੈ। ਰੱਬ ਉਸੇ ਦਾ ਭਲਾ ਕਰੇ। ਅਸੀਂ ਪਸ਼ੂਆਂ ਵਾਂਗ ਜੀ ਰਹੇ ਸੀ ਉਸਨੂੰ ਸਾਨੂੰ ਬੰਦੇ ਬਣਾਇਆ।"

ਐਫ਼ਿਮ ਨੂੰ ਭੋਜਣ ਛਕਾਣ ਉਪਰੰਤ ਉਹਨਾਂ ਨੇ ਉਸ ਨੂੰ ਸੌਣ ਵਾਲੀ ਥਾਂ ਦੱਸੀ ਅਤੇ ਸਾਰੇ ਸੌਣ ਲਈ ਲੇਟ ਗਏ। ਪਰ ਐਫ਼ਿਮ ਭਾਵੇਂ ਲੇਟ ਗਿਆ ਸੀ ਪਰ ਉਸ ਨੂੰ ਨੀਂਦ ਨਾ ਆਈ। ਐਲੀਸ਼ਾ ਨੂੰ ਉਹ ਦਿਮਾਗ਼ ਤੋਂ ਪਾਸੇ ਨਾ ਕਰ ਸਕਿਆ, ਸਗੋਂ ਉਸ ਨੂੰ ਯਾਦ ਆਇਆ ਉਸ ਨੇ ਉਸ ਨੂੰ ਕਿਵੇਂ ਤਿੰਨ ਵਾਰੀ ਯੁਰੱਸ਼ਲਮ ਵਿਖੇ ਸਭ ਨਾਲੋਂ ਅੱਗੇ ਖੜੋਤੇ ਹੋਏ ਨੂੰ ਦੇਖਿਆ ਸੀ।

"ਤਦ ਫੇਰ ਇਸ ਪਰਕਾਰ ਉਹ ਮੇਰੇ ਨਾਲੋਂ ਅੱਗੇ ਲੰਘਿਆ," ਐਫ਼ਿਮ ਨੇ ਸੋਚਿਆ। ਪਤਾ ਨਹੀਂ ਪ੍ਰਭੂ ਨੇ ਮੇਰੀ ਤੀਰਥ ਯਾਤਰਾ ਪਰਵਾਨ ਕੀਤੀ ਹੈ ਕਿ ਨਹੀਂ, ਪਰ ਉਸ ਦੀ ਅਵਸ਼ ਹੀ ਕਰ ਲਈ ਹੈ।"

ਅਗਲੀ ਸਵੇਰ ਐਫ਼ਿਮ ਨੇ ਉਹਨਾ ਲੋਕਾਂ ਤੋਂ ਵਿਦਾਅ ਲਈ ਜਿਨ੍ਹਾਂ ਨੇ ਕੰਮ ਤੇ ਜਾਣ ਤੋਂ ਪਹਿਲਾਂ ਕੁਝ ਸੁਗਾਤ ਉਸਦੇ ਥੈਲੇ ਵਿਚ ਰੱਖੀ ਅਤੇ ਉਹ ਸਫ਼ਰ ਤੇ ਚਲ ਪਿਆ।

੧੨

ਐਫ਼ਿਮ ਇਕ ਵਰ੍ਹਾ ਬਾਹਰ ਰਿਹਾ ਸੀ ਅਤੇ ਇਹ ਫੇਰ ਬਹਾਰ ਰੁੱਤ ਸੀ ਜਦੋਂ ਇਕ ਤ੍ਰਕਾਲਾਂ ਸਮੇਂ ਉਹ ਘਰ ਪਰਤਿਆ ਸੀ। ਉਸ ਦਾ ਪੁੱਤਰ ਘਰ ਨਹੀਂ ਸੀ, ਪਰ ਜਦੋਂ ਉਹ ਘਰ ਆਇਆ ਸੀ ਤਾਂ ਕੁਝ ਵੱਧ ਹੀ ਪੀਤੀ ਹੋਈ ਸੀ। ਐਫ਼ਿਮ ਨੇ ਉਸ ਤੋਂ ਪੁਛ ਪੜਤਾਲ ਕਰਨੀ ਸ਼ੁਰੂ ਕਰ ਦਿੱਤੀ। ਸਭ ਕਾਸੇ ਤੋਂ ਸਪਸ਼ਟ ਸੀ ਕਿ ਮੁੰਡਾ ਪਿਤਾ ਦੀ ਗ਼ੈਰ-ਹਾਜ਼ਰੀ ਵਿਚ ਸਾਵਧਾਨੀ ਨਾਲ ਨਹੀਂ ਸੀ ਰਿਹਾ। ਸਾਰੇ ਪੈਸੇ ਗ਼ਲਤ ਵਰਤੇ ਗਏ ਸਨ ਅਤੇ ਕੰਮ ਕਾਰ ਵਲ ਧਿਆਨ ਨਹੀਂ ਸੀ ਦਿੱਤਾ ਗਿਆ। ਪਿਤਾ ਨੇ ਪੁੱਤਰ ਦੀ ਝਾੜਝੰਬ ਕੀਤੀ ਤਾਂ ਮੁੰਡਾ ਅੱਗੋਂ ਗੁਸਤਾਖ਼ੀ ਨਾਲ ਪੇਸ਼ ਆਇਆ। "ਤੂੰ ਆਪ ਘਰ ਰਹਿ ਕੇ ਸਭ ਕੁਝ ਆਪ ਹੀ ਕਰ ਲੈਣਾ ਸੀ", ਉਸਨੇ ਕਿਹਾ, "ਸਾਰੇ ਪੈਸੇ ਤਾਂ ਆਪ ਲੈ ਕੇ ਚਲਿਆ ਗਿਆ ਅਤੇ ਹੁਣ ਮੇਰੇ ਪਾਸੋਂ ਮੰਗ ਰਿਹਾ ਹੈਂ।" ਬੁੱਢੇ ਨੇ ਨਾਰਾਜ਼ ਹੋ ਕੇ ਮੁੰਡੇ ਦੇ ਧਰ ਦਿੱਤੀਆਂ।

ਸਵੇਰੇ ਐਫ਼ਿਮ ਮੁੰਡੇ ਦੀ ਸ਼ਿਕਾਇਤ ਲੈ ਕੇ ਪਿੰਡ ਦੇ ਮੁੱਖੀ ਪਾਸ ਗਿਆ। ਉਹ ਐਲੀਸ਼ਾ ਦੇ ਘਰ ਲਾਗੇ ਦੀ ਲੰਘ ਰਿਹਾ ਸੀ ਕਿ ਉਸ ਦੇ ਦੋਸਤ ਦੀ ਪਤਨੀ ਨੇ ਵਰਾਂਡੇ ਵਿਚੋਂ ਉਸ ਨੂੰ ਨਮਸਕਾਰ ਕੀਤੀ।

"ਤੁਹਾਡਾ ਕੀ ਹਾਲ ਹੈ ਜੀ ?" ਉਸ ਨੇ ਪੁਛਿਆ ਕੀ ਤੁਹਾਡੀ ਯਾਤ੍ਰਾ ਠੀਕ ਠਾਕ ਰਹੀ ?

"ਐਫ਼ਿਮ ਰੁਕ ਗਿਆ।"

ਆਹੋ ਜੀ, ਰੱਬ ਦਾ ਸ਼ੁਕਰ ਹੈ, "ਉਸਨੇ ਕਿਹਾ। ਮੈਂ ਹੋ ਆਇਆ ਹਾਂ। ਪਰ ਮੈਨੂੰ ਤੁਹਾਡਾ ਬਜ਼ੁਰਗ ਨਜ਼ਰ ਨਹੀਂ ਸੀ ਪਿਆ ਉਥੇ, ਪਰ ਮੈਂ ਸੁਣਿਆ ਹੈ ਕਿ ਉਹ ਸੁੱਖੀ ਸਾਂਦੀ ਘਰ ਪਰਤ ਆਇਆ ਹੈ।"



Sri Satguru Jagjit Singh Ji eLibrary NamdhariElibrary@gmail.com

ਬੁੱਢੀ ਗਾਲੜੀ ਸੀ ।

"ਆਹੋ ਜੀ, ਉਹ ਆ ਗਏ ਨੇ", ਉਸ ਨੇ ਕਿਹਾ । ਉਹਨਾਂ ਨੂੰ ਆਇਆਂ ਤਾ ਢੇਰ ਚਿਰ ਹੋ ਗਿਆ ਹੈ । ਉਹ ਤਾ ਜਾਪਦਾ ਹੈ ਨੇੜਿਉਂ ਹੀ ਪਰਤ ਆਏ ਸਨ ਅਤੇ ਅਸੀਂ ਖੁਸ਼ ਸੀ ਕਿ ਪਰਮਾਤਮਾ ਨੇ ਉਹਨਾਂ ਨੂੰ ਵਾਪਸ ਸਾਡੇ ਪਾਸ ਪਹੁੰਚਾ ਦਿੱਤਾ ਸੀ । ਉਹਨਾਂ ਬਿਨਾਂ ਅਸੀਂ ਕੀ ਕਰਨ ਜੋਗੇ ਸੀ । ਉਹ ਭਾਵੇਂ ਹੁਣ ਬਹੁਤਾ ਕੰਮ ਤਾਂ ਨਹੀਂ ਕਰ ਸਕਦੇ, ਬਥੇਰਾ ਕੀਤਾ ਹੈ, ਪਰ ਫੇਰ ਵੀ ਉਹ ਘਰ ਦੇ ਮੁੱਖੀ ਹਨ ਅਤੇ ਜਦੋਂ ਉਹ ਘਰ ਹੁੰਦੇ ਹਨ ਤਾਂ ਵਾਹਵਾ ਜੀ ਲੱਗਿਆ ਰਹਿੰਦਾ ਹੈ ਸਭਨਾਂ ਦਾ । ਅਤੇ ਸਾਡਾ ਮੁੰਡਾ ਵੀ ਬਹੁਤ ਖੁਸ਼ ਸੀ । ਉਹ ਕਹਿੰਦਾ ਸੀ, "ਬਾਪੂ . ਦੇ ਚਲੇ ਜਾਣ ਨਾਲ ਘਰ ਵਿਚ ਡਰ ਪੈ ਜਾਂਦਾ ਹੈ।" ਉਹਨਾਂ ਤੋਂ ਬਿਨਾਂ ਤਾਂ ਜੀ ਜੀ ਹੀ ਨਹੀਂ ਸੀ ਲੱਗਾ ਕਿਸੇ ਦਾ । ਉਹ ਸਾਨੂੰ ਬਹੁਤ ਪਿਆਰੇ ਹਨ ਅਤੇ ਅਸੀਂ ਸਾਰੇ ਉਹਨਾਂ ਦਾ ਬਹੁਤ ਧਿਆਨ ਰੱਖਦੇ ਹਾਂ ।"

"ਕੀ ਐਸ ਵੇਲੇ ਉਹ ਘਰ ਹੀ ਹੈ ?"

"ਆਹੋ ਜੀ, ਉਹ ਆਪਣੀ ਮਧੂ-ਮੱਖੀਆਂ ਪਾਸ ਹਨ । ਉਹ ਬੱਚ ਦੀ ਸਾਂਭ ਸੰਭਾਲ ਕਰ ਰਹੇ ਹਨ । ਉਹ ਕਹਿੰਦੇ ਹਨ ਕਿ ਇਸ ਵਰ੍ਹੇ ਬੱਚ ਬਹੁਤ ਜ਼ਿਆਦਾ ਹੋਇਆ ਹੈ । "ਪਰਮਾਤਮਾ ਬਖ਼ਸ਼ਿਸ਼ ਕਰਨ ਲਗਿਆਂ ਸਾਡੇ ਪਾਪ ਸਾਹਮਣੇ ਨਹੀਂ ਰੱਖਦਾ", ਉਹ ਕਹਿੰਦੇ ਹਨ । ਅੰਦਰ ਆ ਜਾਵੋ ਜੀ, ਉਹ ਤੁਹਾਨੂੰ ਮਿਲ ਕੇ ਬੜੇ ਖੁਸ਼ ਹੋਣਗੇ ।

ਐਫ਼ਿਮ ਐਲੀਸ਼ਾ ਨੂੰ ਮਿਲਣ ਲਈ ਅੰਦਰ ਲੰਘ ਗਿਆ । ਐਲੀਸ਼ਾ ਆਪਣੇ ਭਰੇ ਕੋਟ ਵਿਚ, ਬਿਨਾ ਕਿਸੇ ਸੂਹ ਤੇ ਜਾਲ ਅਤੇ ਦਸਤਾਨਿਆਂ ਤੋਂ ਉਥੇ ਰੁੱਖ ਹੇਠਾਂ ਖੜੋਤਾ ਹੋਇਆ ਉਪਰ ਨੂੰ ਦੇਖ ਰਿਹਾ ਸੀ, ਉਸ ਦੀਆਂ ਬਾਹਾਂ ਬਾਹਰ ਨੂੰ ਫੈਲੀਆਂ ਹੋਈਆ ਸਨ ਅਤੇ ਗੰਜਾ ਸਿਰ ਚਮਕ ਰਿਹਾ ਸੀ । ਜਿਵੇਂ ਕਿ ਐਫ਼ਿਮ ਨੇ ਯੂਰੋਸ਼ਲਮ ਵਿਚ ਪਵਿਤਰ ਸਮਾਧ ਤੇ ਦੇਖਿਆ ਸੀ, ਉਸ ਦੇ ਉੱਪਰ ਰੁੱਖ ਦੀਆਂ ਟਾਹਣੀਆਂ ਵਿਚ ਦੀ ਧੁੱਪ ਚਮਕ ਰਹੀ ਸੀ ਠੀਕ ਉਸੇ ਤਰ੍ਹਾਂ ਜਿਵੇਂ ਪਵਿਤਰ ਸਥਾਨ ਤੇ ਜਵਾਲਾ ਦੀ ਲਾਟ ਨੇ ਕੀਤਾ ਹੋਇਆ ਸੀ ਅਤੇ ਸੁਨਹਿਰੀ ਮਧੂ-ਮੱਖੀ ਉਸ ਦੇ ਸਿਰ ਦੁਆਲੇ ਇਕ ਚੱਕਰ ਵਿਚ ਉਡ ਰਹੀਆਂ ਸਨ ਅਤੇ ਡੰਗ ਨਹੀਂ ਸਨ ਮਾਰ ਰਹੀਆਂ ।

ਐਫ਼ਿਮ ਰੁਕ ਗਿਆ । ਬੁੱਢੀ ਨੇ ਆਪਣੇ ਪਤੀ ਨੂੰ ਬੁਲਾਇਆ ।

"ਆਹ ਤੁਹਾਡੇ ਮਿੱਤਰ ਪਧਾਰੇ ਹਨ", ਉਸਨੇ ਕਿਹਾ ।

ਐਲੀਸ਼ਾ ਨੇ ਖੁਸ਼ੀ ਵਿਚ ਘੁਮ ਕੇ ਵੇਖਿਆ ਅਤੇ ਐਫ਼ਿਮ ਵਲ ਨੂੰ ਆਇਆ, ਹੌਲੀ ਦੇਣੇ ਆਪਣੀ ਦਾੜ੍ਹੀ ਵਿਚੋਂ ਮੱਖੀਆਂ ਕੱਢਦਾ ਹੋਇਆ ।

"ਨਮਸਕਾਰ ਭਰਾਵਾ, ਨਮਸਕਾਰ, ਪਿਆਰੇ ਦੋਸਤ । ਯਾਤਰਾ ਤਾਂ ਠੀਕ ਰਹੀ ?"

"ਹਾਂ, ਠੀਕ ਰਹੀ, ਮੈਂ ਤੇਰੇ ਲਈ ਜਾਰਡਨ ਨਦੀ ਤੋਂ ਜਲ ਲੈ ਕੇ ਆਇਆ ਹਾਂ, ਮੇਰੇ ਘਰ ਆ ਕੇ ਲੈਣਾ ਹੋਵੇਗਾ । ਪਰ ਪਤਾ ਨਹੀਂ ਪ੍ਰਭੂ ਨੂੰ ਮੇਰੀ ਇਹ ਕੋਸ਼ਿਸ਼ ਪਰਵਾਨ ਵੀ ਹੋਈ ਹੈ ਕਿ ਨਹੀਂ......।"

"ਚਲੋ, ਰੱਬ ਦਾ ਧੰਨਵਾਦ ਕੀਤਾ ਜਾਣਾ ਚਾਹੀਦਾ ਹੈ ਈਸਾ ਤੇਰੇ ਤੇ ਬਖ਼ਸ਼ਿਸ਼ ਕਰੇ ।" ਐਲੀਸ਼ਾ ਨੇ ਕਿਹਾ ।

ਐਫ਼ਿਮ ਕੁਝ ਚਿਰ ਚੁੱਪ ਰਹਿ ਕੇ ਬੋਲਿਆ—ਮੇਰੇ ਪੈਰ ਤਾਂ ਜ਼ਰੂਰ ਉਥੇ ਗਏ ਪਰ ਪਤਾ ਨਹੀਂ ਮੇਰੀ ਆਤਮ ਵੀ ਸੱਚ-ਮੁੱਚ ਉਥੇ ਗਈ ਕਿ......।

"ਇਹ ਰੱਬ ਤੇ ਰਹਿਣ ਦੇ, ਭਰਾਵਾ", ਉਹਦੀ ਰਜ਼ਾ ਹੈ, ਐਲੀਸ਼ਾ ਨੇ ਗੱਲ ਨੂੰ ਵਿਚੋਂ ਕੱਟਦਿਆਂ ਕਿਹਾ ।

"ਵਾਪਸੀ ਤੇ ਮੈਂ ਉਸ ਝੌਂਪੜੀ ਤੇ ਰੁਕਿਆ ਸੀ ਜਿਥੇ ਤੂੰ ਪਿਛੇ ਰਹਿ ਗਿਆ ਸੀ......।"

ਐਲੀਸਾ ਚੋਕੰਨਾ ਹੋ ਗਿਆ ਅਤੇ ਉਸਨੇ ਛੇਤੀ ਦੇਣੇ ਕਿਹਾ—"ਰੱਬ ਦੀ ਰਜ਼ਾ ਹੈ ਭਰਾਵਾਂ, ਰੱਬ ਦੀ ਰਜ਼ਾ । ਆ ਅੰਦਰ ਆ । ਮੈਂ ਤੈਨੂੰ ਕੁਝ ਸ਼ਹਿਦ ਦਿਆਂ", ਅਤੇ ਐਲੀਸ਼ਾ ਨੇ ਗੱਲਬਾਤ ਨੂੰ ਹੋਰ ਰੁੱਖ ਦੇ ਦਿੱਤਾ ਤੇ ਘਰ ਦੀਆਂ ਗੱਲਾਂ ਕਰਨ ਡਹਿ ਪਿਆ ।

ਐਫ਼ਿਮ ਨੇ ਹੋਕਾ ਭਰਿਆ, ਪਰ ਐਲੀਸ਼ਾ ਨਾਲ ਝੁੱਗੀ ਦੇ ਉਹਨਾਂ ਲੋਕਾਂ ਦੀ ਗੱਲ ਨਾ ਕੀਤੀ, ਨਾ ਹੀ ਇਹ ਗੱਲ ਕੀਤੀ ਕਿ ਉਸ ਨੇ ਓਹਨੂੰ ਕਿੰਝ-ਕਿੰਝ ਯੂਰੋਸ਼ਲਮ ਵਿਚ ਦੇਖਿਆ ਸੀ। ਪਰ ਹੁਣ ਉਹ ਸਮਝ ਗਿਆ ਸੀ ਕਿ ਰੱਬ ਦੀ ਰਜ਼ਾ ਵਿਚ ਰਹਿਣ ਅਤੇ ਉਸ ਦੇ ਨਾਲ ਕੀਤੀ ਪ੍ਰਤਿਗਿਆ ਨੂੰ ਪੂਰੀ ਕਰਨ ਦਾ ਸਭ ਤੋਂ ਵਧੀਆ ਢੰਗ, ਹਰ ਬੰਦੇ ਲਈ ਜ਼ਿੰਦਗੀ ਵਿਚ ਇਹ ਹੈ ਕਿ ਦੂਜਿਆਂ ਦਾ ਭਲਾ ਕਰੇ ਅਤੇ ਪਿਆਰ ਦੇਵੇ।

— ਅਨੁਵਾਦ **ਸੁਰਜੀਤ ਖੁਰਸ਼ੀਦੀ**



Sri Satguru Jagjit Singh Ji eLibrary NamdhariElibrary@gmail.com

# ਇਕ ਕੋਸ਼ ਦਾ ਜਨਮ (੨)

□ ਸੁਰਜੀਤ ਖੁਰਸ਼ੀਦੀ

(ਲੜੀ ਜੋੜਨ ਲਈ ਵਰਿਆਮ ਅਕਤੂਬਰ ੧੯੯੧ ਅੰਕ ਵੇਖੋ)

**ਸੰਕੇਤ** : ਅਰਬੀ—ਅ

ਫ਼ਾਰਸੀ—ਫ਼

ਅਰਬੀ ਤੋਂ ਫ਼ਾਰਸੀ

(ਅਰਬੀ ਫ਼ਾਰਸੀ)—ਅ ਫ਼

ਤੁਰਕੀ—ਤੁ

ਉਮੀਦ : (ਫ਼) ਆਸ, ਗਰਭ ਹੋਣਾ। ਭਰੋਸਾ

ਉਮੀਦਵਾਰ : (ਫ਼) ਆਸ ਰੱਖਣ ਵਾਲਾ।

ਉਰਸ : (ਅ) ਵਿਆਹ ਦੀ ਦਾਅਵਤ। ਆਮ ਕਰ ਕੇ ਉਸ ਦਾਅਵਤ ਨੂੰ ਕਿਹਾ ਜਾਂਦਾ ਹੈ ਜੋ ਕਿ ਕਿਸੇ ਵਡੇਰੇ ਦੀ ਬਰਸੀ ਤੇ ਫਾਤਿਹਾ ਕਰਵਾ ਕੇ ਵੰਡਦੇ ਹਨ। ਕਿਸੇ ਵਡੇਰੇ ਦੀ ਬਰਸੀ ਤੇ ਦਿੱਤੇ ਜਾਣ ਵਾਲੀ ਦਾਅਵਤ।

ਉਰਦੂ : (ਤੁ) ਫੌਜ ਦਾ ਨਿਵਾਸ ਸਥਾਨ। ਛਾਉਣੀ। ਲਸ਼ਕਰੀ ਲੋਕਾਂ ਦੀ ਮਿਲੀ ਜੁਲੀ ਬੋਲੀ। ਇਸ ਦਾ ਆਰੰਭ ਖਿਲਜੀਆਂ ਦੇ ਰਾਜਕਾਲ ਸਮੇਂ ਸ਼ਾਹੀ ਫੌਜ ਦੇ ਬਾਜ਼ਾਰਾਂ ਵਿਚ ਹੋਇਆ ਅਤੇ ਹਿੰਦੂ ਮੁਸਲਮਾਨਾਂ ਦੇ ਮੇਲਜੋਲ ਨਾਲ ਹੋਇਆ। ਇਸ ਨੂੰ ਉਰਦੂ ਜਾਂ ਲਸ਼ਕਰੀ ਬੋਲੀ ਕਹਿਣ ਲੱਗ ਪਏ। ਮੁਗ਼ਲਾਂ, ਖਾਸ ਕਰ ਕੇ ਸ਼ਾਹ ਜਹਾਨ ਦੇ ਰਾਜਕਾਲ ਵਿਚ ਇਹ ਬੋਲੀ ਆਮ ਪਰਚਲਤ ਹੋ ਗਈ।

ਉਰਫ਼ : (ਅ) ਤੁਲ। ਬਰਾਬਰ। ਪਰਸਿਧ।

ਉਰਿਆਨੀ : (ਫ਼) ਨੰਗੇਜ਼। ਨੰਗਾਪਣ।

ਉਰੇਬ : (ਫ਼) ਪੰਜਾਬੀ ਵਿਚ ਇਸ ਦਾ ਉਚਾਰਨ **ਰੇਬ** ਹੈ। ਤਿਰਛਾ। ਟੇਢਾ। ਪੇਚਦਾਰ।

ਉਲਸ਼ : (ਤੁ) ਸੀਤ ਪ੍ਰਸ਼ਾਦ। ਜੂਠਾ ਭੋਜਨ। (ਰਾਂਝੇ ਉਲਸ਼ ਪੀਤਾ ਗ਼ਮੀ ਦੂਰ ਹੋਈ—ਹੀਰ ਮੁਕਬਲ)—(ਉਲਸ਼ ਪਿਆਲੇ ਖਰੀ ਖੁਮਾਰੀ-ਵਾਰਾਂ ਭਾਈ ਗੁਰਦਾਸ) ਅਮੀਰਾਂ ਦੇ ਦਸਤਰਖਾਨ ਤੋਂ ਬਚਿਆ ਹੋਇਆ ਭੋਜਨ ਜਿਸ ਨੂੰ ਨੌਕਰ-ਚਾਕਰ ਅਤੇ ਗ਼ਰੀਬ ਗ਼ੁਰਬਾ ਖਾਂਦੇ ਹਨ।

ਉਲ : (ਅ) ਇਹ ਅਰਬੀ ਇਜ਼ਾਫ਼ਤ ਹੈ। ਜਿਵੇਂ ਹਮੇਸ਼ਉਲ ਸਲਾਮੇ (ਜਾਪ ਸਾਹਿਬ)।

ਉਲਫ਼ਤ : (ਅ) ਪਿਆਰ। ਪ੍ਰੇਮ। ਮੁਹੱਬਤ।

ਉਲਮਾ : (ਅ) ਆਲਿਮ ਦਾ ਬਹੁ-ਵਚਨ। ਵਿਦਵਾਨ।

ਓਸਤ : (ਅ) ਵਿਚਕਾਰਲਾ। ਗਭਲਾ। ਦਰਮਿਆਨਾ।

ਓਸਾਫ਼ : (ਅ) ਵਸਫ਼ ਦਾ ਬਹੁ-ਵਚਨ। ਖੂਬੀਆਂ।

ਓਹਦਾ : (ਅ) ਦੇਖੋ ਉਹਦਾ।

ਓਜ਼ਾਰ : (ਫ਼) ਸੰਦ। ਹਥਿਆਰ।

ਓਰਤ : (ਅ) ਮਰਦ ਅਤੇ ਤਰੀਮਤ ਦੇ ਸਰੀਰ ਦੇ ਗੁਪਤ ਅੰਗ। ਉਹ ਚੀਜ਼ ਜਿਸ ਨੂੰ ਦੇਖਣ ਦਿਖਾਣ ਵਿਚ ਸ਼ਰਮ ਆਵੇ। ਓਰਤ ਨੂੰ ਇਸ ਲਈ ਓਰਤ ਕਿਹਾ ਗਿਆ ਹੈ ਕਿ ਉਸ ਦਾ ਸਾਰਾ ਸਰੀਰ ਹੀ **ਓਰਤ** ਹੈ। ਅਰਥਾਤ ਛਾਏ ਜਾਣ ਦੇ ਕਾਬਲ ਹੈ। ਇਥੋਂ ਤੀਕ ਹੈ ਕਿ ਓਰਤ ਦੀ ਆਵਾਜ਼ ਵੀ ਓਰਤ ਹੈ।

ਓਲਾਦ : (ਅ) ਸੰਤਾਨ। ਨਸਲ।

ਓਲੀਆ : (ਅ) ਵਲੀ ਦਾ ਬਹੁ-ਵਚਨ। ਮਿਤ੍ਰ। ਦੋਸਤ। ਨੇੜੇ। (ਰੱਬ ਦੇ ਨੇੜੇ) ਸੁਵਾਮੀ। ਧਰਮ ਆਗੂ।

### ਅ

ਆਉਲੀਆ : (ਅ) ਦੇਖੋ ਓਲੀਆ।

ਅਸਹਾਬ :(ਅ) ਸਾਹਿਬ ਦਾ ਬਹੁ-ਵਚਨ। ਦੋਸਤ। ਮਿਤ੍ਰ। ਯਾਰ। ਮੁਹੰਮਦ ਸਾਹਿਬ ਦੇ ਦੋਸਤਾਂ ਲਈ ਵਰਤਿਆ ਜਾਂਦਾ ਸ਼ਬਦ।

ਅਸਹਾਬੇ ਕਾਫ਼ : (ਅ) ਗੁਫਾ ਦੇ ਮਿਤ੍ਰ ਲੋਕ। ਇਹ ਸੱਤ ਜਣੇ ਸਨ ਜਿਹੜੇ ਕਿ ਦਿਕਿਆਨੂਸ ਰਾਜੇ ਦੇ ਅਤਿਆਚਾਰਾਂ ਤੋਂ ਨਸ ਕੇ ਇਕ ਕੁੱਤੇ ਸਮੇਤ ਇਕ ਗੁਫਾ ਵਿਚ ਜਾ ਛੁਪੇ। ਤਿੰਨ ਸੌ ਵਰ੍ਹੇ ਸੁੱਤੇ ਰਹੇ। ਇਕ ਵਾਰ ਜਾਗ ਕੇ ਫੇਰ ਸੌਂ ਗਏ। ਹੁਣ ਕਿਆਮਤ ਤੀਕ ਸੁੱਤੇ ਰਹਿਣਗੇ। ਕੁੱਤਾ ਵੀ ਨਾਲ ਹੀ ਸੁੱਤਾ ਹੋਇਆ ਹੈ।

ਅਸ਼ਕ : (ਫ਼) ਅੱਥਰੂ। ਹੰਝੂ।

ਅਸਤਰ : (ਅ) ਖੱਚਰ। ਗਧੇ ਅਤੇ ਘੋੜੀ ਤੋਂ ਪੈਦਾ ਹੋਇਆ ਪਸ਼ੂ।

ਅਸਤਰਾ : (ਫ਼) ਰਜ਼ਾਈ ਦੇ ਹੇਠਾਂ ਲਗਾਣ ਵਾਲਾ ਅੰਦਰਸ਼।



Sri Satguru Jagjit Singh Ji eLibrary NamdhariElibrary@gmail.com

ਅਸਤੰਜਾ : (ਅ) ਪੇਸ਼ਾਬ ਕਰਨ ਉਪਰੰਤ ਅਗ ਨੂੰ ਸਾਫ ਕਰਨਾ ।

ਅਸਤੀਫਾ : (ਅ) ਤਿਆਗ ਪੱਤ੍ਰ । ਖਿਮਾ ਯਾਚਨ (ਨੌਕਰੀ ਕਰਨ ਤੋਂ)

ਅਸ਼ਖ਼ਾਸ :(ਅ) ਸ਼ਖ਼ਸ ਦਾ ਬਹੁ-ਵਚਨ । ਬਹੁਤ ਸਾਰੇ ਲੋਕ ।

ਅਸ਼ਆਰ : (ਅ) ਸ਼ੇਅਰ ਦਾ ਬਹੁ-ਵਚਨ । ਬੈਂਤ ।

ਅਸਪ : (ਫ਼) ਘੋੜਾ ।

ਅਸਬਾਬ : (ਅ) ਸਬੱਬ ਦਾ ਬਹੁ-ਵਚਨ : ਵਸੀਲਾ । ਸਾਮਾਨ ਨੂੰ ਵੀ ਅਸਬਾਬ ਕਿਹਾ ਜਾਂਦਾ ਹੈ । ਜਿਵੇਂ ਮਾਲ ਅਸਬਾਬ । ਕਾਰਨ ।

ਅਸਰ : (ਅ) ਤਾਸੀਰ । ਪ੍ਰਭਾਵ ।

ਅਸ਼ਰਫ : (ਅ) ਸ਼ਰੀਫ । ਨੇਕ । ਭਦਰਪੁਰਸ਼ । ਵੱਡਾ ।

ਅਸ਼ਰਫੀ : (ਫ) ਸਿੱਕੇ ਦਾ ਨਾਂ । ਅਸ਼ਰਫ ਨਾਂ ਦੇ ਇਕ ਬਾਦਸ਼ਾਹ ਨੇ ਜਾਰੀ ਕੀਤਾ ਸੀ । ਇਹ ਸੋਨੇ ਦਾ ੧੦ ਮਾਸ਼ੇ ਦਾ ਹੁੰਦਾ ਸੀ ।

ਅਸਰਾਇਲ : (ਅ) ਇਕ ਪੈਗੰਬਰ ਦਾ ਨਾਂ । ਹਜ਼ਰਤ ਯਾਕੂਬ ਦਾ ਨਾਂ ।

ਅਸਰਾਰ : (ਅ) ਭੇਤ । ਲੁਕਵੀਂ ਗੱਲ ।

ਅਸਲ : (ਅ) ਖਰਾ । ਸੱਚਾ । ਜੜ੍ਹ । ਮੂਲ ।

ਅਸਲਾ : (ਅ) ਅਸਲ ਵਲੋਂ । ਅਸਲ ਨਾਲ ਸੰਬੰਧਤ ।

ਅਸਲਾਫ਼ : (ਅ) ਪੁਰਖੇ । ਬਜ਼ੁਰਗ । ਅਗਲੇ ਵਕਤਾਂ ਦੇ ਲੋਕ ।

ਅਸਲਾਮ : (ਅ) ਮੁਸਲਮਾਨ ਧਰਮ । ਮੁਸਲਮਾਨ ਹੋਣਾ । ਰੱਬ ਦੀ ਰਜ਼ਾ ਮੰਨਣ ਵਾਲਾ ਹੋਣਾ ।

ਅਸਲੀ : (ਅ) ਬੇ-ਬਨਾਵਟ । ਬਿਨਾ ਮਿਲਾਵਟ ਤੋਂ । ਸ਼ੁਧ ।

ਅਸਲੀਅਤ :(ਅ)ਹਕੀਕਤ । ਅਸਲ ਗੱਲ । ਵਾਸਤਵਿਕਤਾ ।

ਅਸਵਦ : (ਅ) ਬਹੁਤ ਕਾਲਾ । ਮੁਸਲਮਾਨਾਂ ਵਿਚ ਰਵਾਇਤ ਹੈ ਕਿ ਇਹ ਪੱਥਰ, ਜੋ ਕਿ ਕਾਅਬੇ ਵਿਚ ਇਕ ਕੰਧ ਵਿਚ ਜੜਿਆ ਹੋਇਆ ਹੈ, ਸੁਰਗ ਤੋਂ ਚਿੱਟੇ ਰੰਗ ਦਾ ਡਿੱਗਾ ਸੀ । ਪਰ ਆਦਮ ਦੀ ਓਲਾਦ ਦੇ ਛੂਹਣ ਨਾਲ ਇਸ ਦਾ ਰੰਗ ਬਦਲਦਾ ਬਦਲਦਾ ਕਾਲਾ ਹੋ ਗਿਆ ਹੈ । ਕਿਆਮਤ ਦੇ ਅੰਤ ਤੇ ਜਦੋਂ ਰੱਬ ਹਸ਼ਰ ਵਾਲੇ ਦਿਨ ਜੀਵਾਂ ਦਾ ਇਨਸਾਫ ਕਰੇਗਾ ਤਾਂ ਇਸ ਪੱਥਰ ਦੇ ਦੋ ਅੱਖਾਂ ਅਤੇ ਜੀਭ ਹੋ ਜਾਵੇਗੀ । ਅੱਖਾਂ ਨਾਲ ਇਹ ਉਹਨਾਂ ਦੀ ਪਛਾਣ ਕਰੇਗਾ ਜਿਨ੍ਹਾਂ ਨੇ ਇਸ ਨੂੰ ਚੁੰਮਿਆ ਹੈ ਅਤੇ ਜ਼ੁਬਾਨ ਨਾਲ ਗਵਾਹੀ ਦੇਵੇਗਾ ।

ਅਸਵਾਰ : (ਫ਼) ਅਸਪ-ਵਾਰ ਅਰਥਾਤ ਘੋੜੇ ਤੇ ਚੜ੍ਹਿਆ ਹੋਇਆ । ਰਸਾਲੇ ਦਾ ਸੈਨਕ ।

ਅਸਵਾਰੀ : (ਫ਼) ਘੋੜੇ ਉੱਪਰ ਚੜ੍ਹਨ ਦੀ ਕਿਰਿਆ । ਘੋੜੇ ਤੇ ਸਵਾਰੀ ਹੋਣ ਦੀ ਵਿਦਿਆ । ਕੋਈ ਵੀ ਯਾਨ ਜਿਸ ਤੇ ਸਵਾਰ ਹੋਇਆ ਜਾਵੇ ।

ਅਸ਼ਾ : (ਅ) ਰਾਤ ਦਾ ਅਨ੍ਹੇਰਾ, ਜੋ ਕਿ ਰਾਤ ਦੀ ਨਮਾਜ਼ ਦਾ ਸਮਾਂ ਹੈ । ਇਸ ਸਮੇਂ ਦੀ ਨਮਾਜ਼ ਨੂੰ ਵੀ ਅਸ਼ਾ ਕਿਹਾ ਜਾਦਾ ਹੈ ।

ਅਸ਼ਾਇਤ : (ਅ) (ਇਸ਼ਾਇਤ) ਫੈਲਾਣਾ, ਮਸ਼ਹੂਰ ਕਰਨਾ । ਪਰਸਿੱਧੀ ਦੇਣੀ ।

ਅਸਾਸਾ : (ਅ) ਮਾਲ, ਜੋੜਿਆ ਹੋਇਆ । ਸਰਮਾਇਆ । ਪੂੰਜੀ ।

ਆਸਾਨ : (ਫ) ਸਹਿਜਤਾ । ਆਰਾਮ । ਰਾਹਤ ।

ਅਸੀਰ : (ਫ) ਕੈਦੀ । ਬੰਦੀ । ਨਜ਼ਰਬੰਦ ।

ਅਸੀਰੀ : (ਫ) ਕੈਦ । ਨਜ਼ਰਬੰਦੀ ।

ਅਸੀਲ : (ਅ) ਭਲਾ । ਸ਼ਰੀਫ । ਕੁਲੀਨ । ਉਤਮ ।

ਅਸੂਲ : (ਅ) ਨਿਯਮ । ਕਾਇਦਾ ।

ਅਹਦ : (ਅ) ਪ੍ਰਤਿਗਿਆ । ਵਾਅਦਾ । ਨੇਮ । ਸਮਾਂ । ਵੇਲਾ ।

ਅਹਿਮ : ਵਿਸ਼ੇਸ਼ ਬਹੁਤ ਜ਼ਰੂਰੀ । ਖਾਸ । ਅਵੱਸ਼ਕ ।

ਅਹਿਮਕ : (ਅ) ਮੂਰਖ । ਬੁਧੀਹੀਣ ।

ਅਹਿਮਦ : (ਅ) ਹਮਦ ਕੀਤਾ ਹੋਇਆ । ਸਲਾਹਿਆ ਹੋਇਆ । ਹਜ਼ਰਤ ਮੁਹੰਮਦ ਸਾਹਿਬ ਦਾ ਨਾਂ ।

ਅਹਵਾਲ : (ਅ) ਹਾਲ ਦਾ ਬਹੁ-ਵਚਨ । ਦਸ਼ਾ । ਸਮਾਚਾਰ । ਖ਼ਬਰ । ਸੁਧ । (ਮਸਈ ਚੁਨੀ ਆਹਵਾਲ-ਤਿਲੰਗ—ਮ-੧)

ਅਹਾਤਾ : (ਅ) ਵਲਗਣ । ਘੇਰਾ ।

ਆਹਿਸਤਾ : (ਫ) ਹੌਲੀ । ਧੀਮਾ ।

ਅਹਿਸਾਸ : (ਅ) ਛੂਹਣਾ । ਮਹਿਸੂਸ ਕਰਨਾ ।

ਅਹਿਸਾਨ : (ਅ) ਨੇਕੀ । ਭਲਾਈ । ਉਪਕਾਰ ।

ਅਹਿਸਾਨਮੰਦ : (ਅਫ਼) ਉਹ ਵਿਅਕਤੀ ਜਿਸ ਦੇ ਨਾਲ ਕਿਸੇ ਨੇ ਭਲਾਈ ਕੀਤੀ ਹੋਵੇ ।

ਅਹਿਸਾਨ ਫ਼ਰਾਮੋਸ਼ : (ਅਫ਼) ਕਿਰਤਘਣ । ਅਹਿਸਾਨ ਨੂੰ ਭੁਲਾ ਦੇਣ ਵਾਲਾ । ਉਪਕਾਰ ਭੁਲਾਣ ਵਾਲਾ ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

ਪੁਸਤਕ ਚਰਚਾ

# ਪਲਕਾਂ 'ਚ ਤੈਰਦੇ ਪਲ

ਲੇਖਕ : ਬਲਬੀਰ ਪਰਵਾਨਾ

ਪ੍ਰਕਾਸ਼ਕ : ਜ਼ਿੰਦਗੀ ਪ੍ਰਕਾਸ਼ਨ, ਚਨੌਰ ਜ਼ਿਲ੍ਹਾ ਹੁਸ਼ਿਆਰਪੁਰ ੧੪੪੩੦੬

ਪੰਨੇ : ੪੮

ਮੁੱਲ : ਪੇਪਰ ਬੈਕ : ੭ ਰੁਪਏ

'ਪਲਕਾਂ 'ਚ ਤੈਰਦੇ ਪਲ' ਪੰਜਾਬੀ ਦੇ ਚਰਚਿਤ ਸ਼ਾਇਰ ਅਤੇ ਉੱਘੇ ਅਗਾਂਹਵਧੂ ਪੱਤਰਕਾਰ ਬਲਬੀਰ ਪਰਵਾਨਾ ਦਾ ਤੀਸਰਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਦੋ ਹੋਰ ਕਾਵਿ-ਸੰਗ੍ਰਹਿ 'ਉਨ੍ਹਾਂ ਨੇ ਆਖਿਆ ਸੀ' ਅਤੇ 'ਧੁੱਪ ਦੀਆਂ ਪੈੜਾਂ' ਪੰਜਾਬੀ ਕਾਵਿਕਾਰੀ ਦੇ ਇਤਿਹਾਸ ਵਿਚ ਅੰਕਿਤ ਕਰ ਚੁੱਕਿਆ ਹੈ। ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦੇ ਪਾਠਕਾਂ ਨਾਲ ਉਸ ਦੀ ਪਛਾਣ ਸਿਰਫ ਕਵੀ ਹੋਣ ਕਰਕੇ ਹੀ ਨਹੀਂ ਹੈ, ਇਕ ਪੱਤਰਕਾਰ ਅਤੇ ਅਗਾਂਹਵਧੂ ਸੋਚ ਵਾਲੇ ਸਾਧਕ ਕਰਕੇ ਵੀ ਹੈ। ਕਦੇ ਉਹ ਪਾਸ਼ ਦੀ ਯਾਦ ਵਿਚ 'ਪਾਸ਼ ਪਾਸ਼' ਤੇ ਪਾਸ਼' ਅਤੇ 'ਰੂਬਰੂ ਹਾਸ਼ਮੀ' ਵਰਗੇ ਕਿਤਾਬਚੇ ਛਾਪ ਕੇ ਪੰਜਾਬ ਦੇ ਸੰਤਾਪ ਅਤੇ ਪੂੰਜੀਵਾਦੀ ਕਰੂਰਤਾਂ ਦੇ ਸ਼ਿਕਾਰ ਹੋਏ ਸਾਹਿਤ ਅਤੇ ਕਲਾ ਦੇ ਸਾਧਕਾਂ ਦਾ ਸੁਨੇਹਾ ਦ੍ਰਿੜ੍ਹ ਕਰਨ ਦੇ ਆਹਰ ਵਿਚ ਲੱਗਾ ਰਹਿੰਦਾ ਹੈ ਅਤੇ ਕਦੇ ਅਗਾਂਹਵਧੂ ਸੋਚ ਵਾਲੇ ਖਿਲਰੇ-ਪੁਲਰੇ ਵਿਅਕਤੀਆਂ ਨੂੰ ਕਿਸੇ ਨਾ ਕਿਸੇ ਮਸਲੇ ਉੱਤੇ ਇਕ-ਮਤ ਕਰ ਕੇ ਕਿਸੇ ਨਾ ਕਿਸੇ ਸਮਾਜਕ ਸਰਗਰਮੀ ਦਾ ਸਮਾਨਤਿਆਰ ਕਰਦਾ ਰਹਿੰਦਾ ਹੈ।

ਉਸ ਦੀਆਂ ਪਹਿਲੀਆਂ ਦੋਹਾਂ ਕਾਵਿ-ਪੁਸਤਕਾਂ ਵਿਚ ਵੀ ਅਤੇ ਹੱਥਲੀ ਪੁਸਤਕ 'ਪਲਕਾਂ 'ਚ ਤੈਰਦੇ ਪਲ' ਵਿਚ ਵੀ ਪੇਸ਼ ਹੋਈ ਸ਼ਾਇਰੀ ਦੀ ਸਰਲ ਸਾਦੀ ਸ਼ੈਲੀ, ਉਸ ਦੀ ਜ਼ਿੰਦਗੀ ਦੀਆਂ ਨਿੱਤ-ਪ੍ਰਤੀ ਦੀਆਂ ਸਰਗਰਮੀਆਂ ਦੀ ਪ੍ਰਾਇਵਾਚੀ ਹੈ। ਪੂੰਜੀਵਾਦੀ ਸਮਾਜ ਵਿਚ ਨਿੱਤ-ਪ੍ਰਤੀ ਵਾਪਰ ਰਹੀਆਂ ਘਟਨਾਵਾਂ ਨੇ ਜਿਸ ਕਦਰ ਆਮ ਆਦਮੀ ਦੀ ਮਾਨਸਿਕਤਾ ਨੂੰ ਖੰਡਿਤ ਕਰ ਦਿੱਤਾ ਅਤੇ ਜਿਸ ਕਦਰ ਹਰ ਪਲ ਕਰ ਰਹੀਆਂ ਹਨ ਉਸ ਨੂੰ ਪਕੜਨ ਦਾ ਜਿਹੜਾ ਵਲ ਬਲਬੀਰ ਪਰਵਾਨਾ ਦੀ ਕਲਮ ਦੇ ਹਿੱਸੇ ਆਇਆ ਹੈ ਉਹ ਪੰਜਾਬੀ ਕਾਵਿਕਾਰੀ ਵਿਚ ਬਹੁਤ ਵਿਰਲਾ ਹੈ—ਇਸ ਕਲਮ ਵਿਚੋਂ ਨਿਕਲਦੇ ਸ਼ਬਦ ਜਿਵੇਂ ਸਮਾਜੀ ਕਰੂਰਤਾ ਦੀਆਂ ਸਾਖਸ਼ਾਤ ਤਸਵੀਰਾਂ ਹਨ। ਆਪਣੀ ਕਵਿਤਾ 'ਬੇਚੈਨ ਲਫ਼ਜ਼' ਵਿਚ ਉਸ ਨੇ ਕਾਵਿਕਾਰੀ ਪ੍ਰਤੀ ਆਪਣੀ ਸਿਧਾਂਤਕ ਪਹੁੰਚ ਦਾ ਬਿਆਨ ਕਰਦਿਆਂ ਹੋਇਆਂ ਜੋ ਕੁਝ ਕਿਹਾ ਹੈ ਉਹ ਆਪਣੇ ਆਪ ਵਿਚ ਪ੍ਰਮਾਣਿਕ ਕਾਵਿਕਾਰੀ ਹੋਣ ਦੇ ਨਾਲ ਨਾਲ ਉਸ ਦੇ ਸਮੁੱਚੇ ਕਾਵਿ ਸਿਧਾਂਤ ਦਾ ਆਧਾਰ ਵੀ ਹੈ।

ਤੇ ਜਿਹੜੇ ਲਫ਼ਜ਼<br>
ਕੱਚ ਦੇ ਟੁਕੜਿਆਂ ਵਾਂਗ ਚੁੱਭ ਨਹੀਂ ਸਕਦੇ<br>
ਉਹ ਕਵਿਤਾ ਨਹੀਂ ਹੁੰਦੇ<br>
ਕਵਿਤਾ ਤਾਂ ਉਸ ਸੇਕ ਦਾ ਨਾਂ ਹੈ<br>
ਸੁਪਨਿਆਂ ਦੇ ਅਧੂਰੇ ਰਹਿ ਜਾਣ 'ਤੇ<br>
ਮਨ ਦੇ ਖੰਡਿਤ ਅਕਾਸ਼ 'ਚ ਜੋ ਲਟ ਲਟ ਬਲਦਾ<br>
ਜਾਂ ਉਸ ਸੂਹੀ ਰੰਗਤ ਦਾ ਨਾਂ<br>
ਜੋ ਅਲ੍ਹੜ ਵਰੇਸ ਦੇ ਵਰ੍ਹਿਆਂ 'ਚ<br>
ਕਿਸੇ ਨਾਲ ਅੱਖਾਂ ਚਾਰ ਹੁੰਦਿਆਂ ਚਿਹਰੇ ਤੇ ਘਿਰ ਆਉਂਦੀ ਹੈ—<br>
... ... ... ... ... ।<br>
ਛੱਪੜ ਦੇ ਪਾਣੀ ਜਿਹਾ ਸ਼ਾਂਤ, ਅਹਿਲ, ਠਹਿਰਿਆ<br>
ਕੁਝ ਵੀ ਕਵਿਤਾ ਨਹੀਂ ਹੁੰਦਾ<br>
ਜਿਹੜੇ ਲਫ਼ਜ਼ਾਂ ਨੂੰ ਪੜ੍ਹ ਕੇ ਤੁਸੀਂ ਅਰਾਮ ਨਾਲ ਸੌਂ ਸਕਦੇ ਹੋਵੋ<br>
ਉਹ ਕਵਿਤਾ ਨਹੀਂ ਹੋ ਸਕਦੇ<br>
ਉਹ ਕਵਿਤਾ ਨਹੀਂ ਹੁੰਦੇ ।

(ਬੇਚੈਨ ਲਫ਼ਜ਼)

ਉਸ ਦੀ ਨਜ਼ਰ ਵਿਚ ਇਸ ਧਰਤੀ ਦਾ ਸਭ ਤੋਂ ਬਦਸੂਰਤ ਲਫ਼ਜ਼ 'ਭੁੱਖ' ਹੈ ਅਤੇ ਸਭ ਤੋਂ ਖੂਬਸੂਰਤ ਲਫ਼ਜ਼ 'ਰੋਟੀ' ਹੈ, ਰੋਟੀ ਅਤੇ 'ਭੁੱਖ' ਲਫ਼ਜ਼ਾਂ ਦਾ ਵਿਰੋਧੀ-ਜੁੱਟ ਹੀ ਅਸਲ ਵਿਚ ਸਾਰੇ ਮਾਨਵੀ ਖਿਲਾਰੇ ਦਾ ਤੱਤਸਾਰ ਹੈ। ਦੁਨੀਆਂ ਦੇ ਸਭ ਦਰਸ਼ਨਾਂ ਦੀ ਮੂਲਸੂਤਰ ਇਸੇ ਸੂਤਰ ਨਾਲ ਬੱਝੀ ਹੋਈ ਹੈ। ਜ਼ਿੰਦਗੀ ਦੀ ਖੂਬਸੂਰਤੀ ਦੀ ਬਾਰੀਕ ਤੰਦ ਜਿਹੜੀ ਭੁੱਖ ਦੇ ਰਤਾ ਜਿੰਨੇ ਭਾਰ ਨਾਲ ਹੀ ਟੁਟਣ-ਟੁਟਣ ਕਰਨ ਲੱਗ ਜਾਂਦੀ ਹੈ ਅਤੇ ਰੋਟੀ ਦੇ ਰਤਾ ਜਿੰਨੇ ਭਾਰ ਨਾਲ ਹੀ ਇਕ ਦਮ ਫੇਰ ਜੁੜ ਜਾਂਦੀ ਹੈ, ਪਰ ਰੋਟੀ ਅਤੇ ਭੁੱਖ ਦੇ ਵਿਚਕਾਰਲੀ ਵਿੱਥ ਸਭ ਤੋਂ ਭਿਆਨਕ ਹੈ। ਮਾਨਵੀ ਤਜਰਬੇ ਦੀਆਂ ਹੁਣ ਤੱਕ ਲੜੀਆਂ ਗਈਆਂ ਅਤੇ ਲੜੀਆਂ ਜਾਣ ਵਾਲੀਆਂ ਸਾਰੀਆਂ ਜੰਗਾਂ ਦੇ ਅੰਤ ਨਾਲੋਂ ਵੀ



Sri Satguru Jagjit Singh Ji eLibrary NamdhariElibrary@gmail.com

ਭਿਆਨਕ। ਜਿਸ ਵੀ ਸਾਧਕ ਨੇ ਇਸ ਦੀ ਭਿਆਨਕਤਾ ਨੂੰ ਪਛਾਣ ਲਿਆ ਹੈ ਉਸ ਨੂੰ ਸੌ ਸੌ ਸਲਾਮ। ਬਲਬੀਰ ਪਰਵਾਨਾ ਇਨ੍ਹਾਂ ਸਾਧਕਾਂ ਵਿਚੋਂ ਹੀ ਇਕ ਹੈ ਉਸ ਦੀ ਕਵਿਤਾ 'ਅਨਿਸ਼ਚਿਤ ਭਵਿੱਖ' ਦੇ ਦੈਂਤ ਸਾਹਮਣੇ ਖੜ੍ਹੀ ਹੈ ਅਤੇ ਉਸ ਨੂੰ ਇਸ ਯਥਾਰਥ ਦਾ ਪੂਰਾ-ਪੂਰਾ ਅਹਿਸਾਸ ਹੈ ਕਿ 'ਲਹਿਰਾਂ ਦੇ ਘਰ ਨਹੀਂ ਹੁੰਦੇ।' ਮਰਨ ਮਿੱਟੀ ਚੜ੍ਹੇ ਇਨ੍ਹਾਂ ਦਿਨਾਂ ਵਿਚ ਵੀ ਉਸ ਵਿਚ 'ਅਜੇ ਬਹੁਤ ਲਹੂ ਬਾਕੀ ਹੈ' ਜੁਅਰਤ ਅਤੇ ਜੇਰਾਂ ਵੀ, ਕਿਉਂਕਿ ਉਹ ਜਾਣਦਾ ਹੈ ਕਿ 'ਇਹ ਅਕੇਵਿਆਂ ਦਾ ਸਿਲਸਿਲਾ ਏਦਾਂ ਹੀ ਨਹੀਂ ਜਰਿਆ ਜਾਣ ਲੱਗਾ ਬਹੁਤ ਚਿਰ।' ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦੀ ਜ਼ੁਬਾਨ ਬਣੀ ਇਸ ਸ਼ਾਇਰੀ ਦੇ ਨਾਇਕ ਉਹੀ ਹਨ ਜਿਨ੍ਹਾ ਨੂੰ ਸਿਰਫ ਤੁਰਨ ਖਾਤਰ, ਤੁਰਨ ਦਾ ਸ਼ੌਕ ਨਹੀਂ। ਇਨ੍ਹਾਂ ਨਾਇਕਾਂ ਨੂੰ ਪਤਾ ਹੈ ਕਿ ਪਗ-ਡੰਡੀਆਂ ਹੀ ਸਮਾਂ ਬੀਤਣ ਉੱਤੇ ਸ਼ਾਹਰਾਹਾਂ ਬਣਦੀਆਂ ਹਨ ਅਤੇ ਉਨ੍ਹਾਂ ਉੱਤੇ ਤੁਰਨ ਵਾਲੇ ਸ਼ਾਹ-ਸਵਾਰ।

(1) ਉਹ ਕਿ ਜਿਨ੍ਹਾਂ ਦਾ ਨਾਂ ਨਹੀਂ ਖੁਦਿਆ ਹੁੰਦਾ
ਪਰ ਲਹੂ ਸ਼ਾਮਲ ਹੁੰਦਾ ਹੈ ਸਿਰਜਣਾ 'ਚ
ਪੀੜ੍ਹੀਆਂ ਦੇ ਫ਼ਾਸਲੇ ਤੇ ਖੜ ਕੇ
ਗੱਲ ਜਦੋਂ ਵੀ ਤੁਰਦੀ ਹੈ
ਉਨ੍ਹਾਂ ਦੇ ਸੁਰਖ ਲਹੂ ਦੀ ਹੀ ਤੁਰਦੀ ਹੈ।
(ਅਨਹੋਣੀ ਤੋਂ ਪਹਿਲਾਂ)

(2) ਉਹ ਕਿ ਜੋ
ਜੁਅਰਤ ਨਾਲ ਕਬੂਲ ਕਰਦੇ ਹਨ ਵੰਗਾਰ
ਸ਼ਹੀਦ ਬਣਦੇ ਹਨ
ਤੇ ਮਰਦੇ ਹਨ ਸਿਰਫ ਇਕ ਹੀ ਵਾਰ
ਪਰ ਵੰਗਾਰਾਂ ਤੋਂ ਟਲਣ ਵਾਲੇ
ਸਹਿਮ ਸਹਿਮ, ਸਹਿਕ ਸਹਿਕ ਕੇ ਦਿਨ ਕਢਦੇ
ਹਰ ਰੋਜ਼ ਹਰ ਪਲ ਮਰਦੇ ਹਨ......
(ਇਸ ਤੋਂ ਪਹਿਲਾਂ ਕਿ)

ਅਜਿਹੇ ਪਰਵਚਨਾਂ ਦੀ ਸਿਰਜਣਾ ਕਰਨ ਵਾਲਾ ਬਲਬੀਰ ਪਰਵਾਨਾ ਪੰਜਾਬੀ ਕਾਵਿਕਾਰੀ ਦੀ ਬੇਬਾਕੀ ਦਾ ਅਜੇਹਾ ਪੜ੍ਹਾਅ ਹੈ ਜਿਸ ਦੇ ਅਨੇਕਾਂ ਵਿਸਥਾਰ ਹਨ। ਜ਼ਿੰਦਗੀ ਦੀ ਕਰੂਰਤਾ ਨੂੰ ਸਮਝਣ, ਮਾਨਣ ਅਤੇ ਸਿਰਜਣ ਦੇ ਵਿਸਥਾਰ। ਇਹ ਵਿਸਥਾਰ ਹੀ ਕਾਵਿਕਾਰੀ ਦੀ ਸਾਰਥਿਕਤਾ ਹੁੰਦੇ ਹਨ। ਅਜੇਹੀ ਸਾਰਥਿਕਤਾ ਜਿਹੜੀ ਜ਼ਿੰਦਗੀ ਨੂੰ ਸਪੱਸ਼ਟ ਹੋ ਕੇ ਟਕਰਦੀ ਵੀ ਹੈ, ਉਸ ਦੇ ਨਾਲ-ਨਾਲ ਚਲਦੀ ਅਤੇ ਨਾਲ-ਨਾਲ ਰਹਿੰਦੀ ਵੀ ਹੈ।

☐ **ਲਖਵਿੰਦਰ ਜੌਹਲ**

# ਸੰਤ ਸਿੰਘ ਸੇਖੋਂ ਅਭਿਨੰਦਨ ਗ੍ਰੰਥ

ਸੰਪਾਦਕ : ਪ੍ਰੋ: ਪ੍ਰੀਤਮ ਸਿੰਘ ਪਟਿਆਲਾ

ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼ ਦਿੱਲੀ—

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੂੰ ਪੰਜਾਬੀ ਸਾਹਿਤ ਜਗਤ ਦਾ ਬਾਬਾ ਬੋਹੜ ਕਿਹਾ ਜਾਂਦਾ ਹੈ। ਪਿਛੇ ਜਿਹੇ ਹੀ ਉਹਨਾਂ ਨੂੰ ਇਕ ਲੱਖ ਦੀ ਥੈਲੀ ਨਾਲ ਸਨਮਾਨਿਆ ਗਿਆ ਹੈ। ਇਸ ਸਮੇਂ ਇਕ ਅਭਿਨੰਦਨ ਗ੍ਰੰਥ ਵੀ ਤਿਆਰ ਕੀਤਾ ਗਿਆ।

ਗ੍ਰੰਥ ਦਾ ਨਾਇਕ ਸਿਰਮੌਰ ਸਾਹਿਤਕਾਰ ਸੰਤ ਸੇਖੋਂ ਹੋਵੇ। ਸੰਪਾਦਕ ਭਾਸ਼ਾ ਅਤੇ ਸਾਹਿਤ ਦੇ ਕਈ ਘੋਲਾਂ ਦਾ ਆਗੂ ਬਾਰੀਕ ਸੋਚ ਵਾਲਾ ਉਘਾ ਵਿਦਵਾਨ ਪ੍ਰੋ: ਪ੍ਰੀਤਮ ਸਿੰਘ ਹੋਵੇ ਅਤੇ ਛਾਪਕ ਪ੍ਰਕਾਸ਼ਕ ਸੁੰਦਰ ਛਪਾਈ ਦੇ ਵੱਡੇ ਤੋਂ ਵੱਡੇ ਸਨਮਾਨ ਪ੍ਰਾਪਤ ਕਰਨ ਵਾਲਾ ਭਾਪਾ ਪ੍ਰੀਤਮ ਸਿੰਘ ਹੋਵੇ ਤਾਂ ਕਿਉਂ ਨਾ ਇਕ ਮਹਾਨ ਕਲਾ ਕ੍ਰਿਤੀ ਦਾ ਜਨਮ ਹੋਵੇ।

ਇਸ ਦਾ ਬਾਹਰੀ ਰੰਗ ਰੂਪ ਹੋਵੇ ਜਾਂ ਇਸ ਦਾ ਕਾਗਜ਼ ਅਤੇ ਛਪਾਈ ਹੋਵੇ ਅਤੇ ਭਾਵੇਂ ਪੜ੍ਹਨ ਸਮਗਰੀ ਸਾਰੇ ਇਕ ਦੂਜੇ ਤੋਂ ਵੱਧ ਕੇ ਹਨ।

ਪ੍ਰਿੰ: ਸੇਖੋਂ ਦੇ ਸਾਹਿਤ ਜੀਵਨ ਦੇ ਅਨੇਕਾਂ ਪੱਖ ਹਨ ਪ੍ਰੋਫੈਸਰ ਸੇਖੋਂ, ਪ੍ਰਿੰਸੀਪਲ ਸੇਖੋਂ, ਕਹਾਣੀਕਾਰ, ਨਾਟਕਕਾਰ-ਨਾਵਲਕਾਰ, ਕਵੀ ਅਤੇ ਆਲੋਚਕ ਸੇਖੋਂ, ਇਸ ਤੋਂ ਇਲਾਵਾ ਲੇਖਕ ਸੰਸਥਾਵਾਂ ਦਾ ਪ੍ਰਧਾਨ ਸੇਖੋਂ।

ਸੇਖੋਂ ਸਾਹਿਬ ਦੇ ਜੀਵਨ ਸਫਰ ਦੇ ਵੱਖ ਵੱਖ ਪਹਿ-ਲੂਆਂ ਤੇ ਪੰਜਾਬੀ ਸਾਹਿਤ ਜਗਤ ਦੇ ਚੋਟੀ ਦੇ ੫੪ ਵਿਦ-ਵਾਨਾਂ ਨੇ ਆਪਣੀ ਆਪਣੀ ਕਲਮ ਰਾਹੀਂ ਅਕੀਦਤ ਪੇਸ਼ ਕੀਤੀ ਹੈ ਮੁਲਾਂਕਣ ਕੀਤਾ ਹੈ ਅਤੇ ਯਾਦਾਂ ਸਾਂਝੀਆਂ ਕੀਤੀਆਂ ਹਨ। ਅੰਤ ਵਿਚ ਇਹਨਾਂ ੫੪ ਵਿਦਵਾਨਾਂ ਦੇ ਜਨਮ ਜੀਵਨ ਤੇ ਰਚਨਾਵਾਂ ਦਾ ਸੰਖੇਪ ਵੇਰਵਾ ਹੈ।

ਸੇਖੋਂ ਜੀ ਦੇ ਜੀਵਨ ਨਾਲ ਸੰਬੰਧਤ ਚਿਟੀਆਂ-ਕਾਲੀਆਂ ਅਤੇ ਰੰਗੀਨ ਤਸਵੀਰਾਂ ਪੰਜਾਬੀ ਸਾਹਿਤਕਾਰਾਂ ਦੇ ਇਕ ਲੰਬੇ ਕਾਫਲੇ ਦੇ ਦਰਸ਼ਨ ਕਰਵਾਉਂਦੀਆਂ ਹਨ।

ਦੇਖਣ ਚਾਖਣ, ਛੂਹਣ ਟੋਹਣ ਅਤੇ ਪੜ੍ਹਣ ਪਖੋਂ ਵਧੀਆ ਹੀ ਵਧੀਆ ਗ੍ਰੰਥ ਆਪਣੇ ਵਲ ਖਿੱਚਦਾ ਹੈ। ਪੰਨੇ ੩੨੭ ਅਤੇ ਲਿਖੀ ਕੀਮਤ 350 ਰੁਪਏ ਹੈ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

ਖ਼ਬਰਨਾਮਾ

# ਪੰਜਾਬੀ ਸਾਹਿਤ ਅਕਾਦਮੀ ਦੀ ਚੋਣ

ਲੁਧਿਆਣਾ ੧੨ ਅਪ੍ਰੈਲ—ਪੰਜਾਬੀ ਸਾਹਿਤ ਅਕਾਦਮੀ ਦੀ ਅੱਜ ਇਥੇ ਪੰਜਾਬੀ ਭਵਨ ਵਿਖੇ ਚੋਣ ਹੋਈ ਜਿਸ ਵਿਚ ਡਾ: ਐਸ. ਐਸ. ਜੌਹਲ ਸਾਬਕ ਉਪ ਕੁਲਪਤੀ ਪੰਜਾਬੀ ਯੂਨੀਵਰਸਿਟੀ ਸਰਬ ਸੰਮਤੀ ਨਾਲ ਦੂਜੀ ਵਾਰ ਪ੍ਰਧਾਨ ਚੁਣੇ ਗਏ। ਇਸੇ ਤਰ੍ਹਾਂ ਡਾ: ਪਰਮਿੰਦਰ ਸਿੰਘ ੧੩ਵੀਂ ਵਾਰ ਸਰਬ ਸੰਮਤੀ ਨਾਲ ਜਨਰਲ ਸਕੱਤਰ ਚੁਣੇ ਗਏ। ਬਾਕੀ ਅਹੁਦਿਆਂ ਲਈ ਵੋਟਾਂ ਪਾਈਆਂ ਗਈਆਂ। ਮਿਲੀ ਸੂਚਨਾ ਅਨੁਸਾਰ ਡਾ: ਹਰਚਰਨ ਸਿੰਘ ਸੀਨੀਅਰ ਉਪ ਪ੍ਰਧਾਨ ਚੁਣੇ ਗਏ। ੫ ਉਪ ਪ੍ਰਧਾਨ ਚੁਣੇ ਗਏ ਜਿਹਨਾਂ ਦੇ ਨਾਂ ਇਹ ਹਨ—ਡਾ: ਜਸਵੰਤ ਸਿੰਘ ਨੇਕੀ ਸੁਰਜੀਤ ਪਾਤਰ ਡਾ: ਸਤਿੰਦਰ ਸਿੰਘ ਨੂਰ ਦਿੱਲੀ ਪ੍ਰੋ: ਸੁਰਿੰਦਰ ਸਿੰਘ ਨਰੂਲਾ ਡਾ: ਸੁਰਜੀਤ ਸਿੰਘ ਕੰਵਲ ਐਡੀਸ਼ਨਲ ਸੈਸ਼ਨ ਜੱਜ ਪਟਿਆਲਾ ਇਨ੍ਹਾਂ ਦੇ ਮੁਕਾਬਲੇ ਜੋ ਚੋਣ ਹਾਰੇ ਉਨ੍ਹਾਂ ਦੇ ਨਾਂ ਹਨ—ਜਸਟਿਸ ਪ੍ਰੀਤਮ ਸਿੰਘ ਸਫੀਰ, ਸ: ਕੁਲਬੀਰ ਸਿੰਘ ਕਾਂਗ, ਸ: ਦੀਪਕ ਮਨਮੋਹਨ ਸਿੰਘ, ਸ: ਨਿਰੰਜਣ ਸਿੰਘ ਮਾਨ, ਪ੍ਰੋ: ਪਿਆਰਾ ਸਿੰਘ ਭੋਗਲ ਅਤੇ ਸ: ਅਮਰਜੀਤ ਸਿੰਘ ਗਰੇਵਾਲ। ਵਰਕਿੰਗ ਕਮੇਟੀ ਦੇ ੧੦ ਮੈਂਬਰ ਚੁਣੇ ਗਏ ਜਦੋਂ ਕਿ ੧੯ਉਮੀਦਵਾਰ ਮੈਦਾਨ ਵਿਚ ਸਨ। ਚੁਣੇ ਮੈਂਬਰਾਂ ਦੇ ਨਾਂ ਇਸ ਤਰ੍ਹਾਂ ਹਨ—ਸ: ਕ੍ਰਿਪਾਲ ਸਿੰਘ ਕਸੇਲ ਪ੍ਰੋ: ਕੁਲਵੰਤ ਜਗਰਾਉਂ ਪ੍ਰੋ: ਪ੍ਰੀਤਮ ਸਿੰਘ ਰਾਹੀ ਪ੍ਰੋ: ਨਿਰੰਜਣ ਤਸਨੀਮ, ਮੁਹਿੰਦਰਦੀਪ ਗਰੇਵਾਲ ਪ੍ਰੋ: ਰਵਿੰਦਰ ਭੱਠਲ ਪ੍ਰੋ: ਲਾਭ ਸਿਘ ਖੀਵਾ ਪ੍ਰੋ: ਮੇਹਰ ਸਿੰਘ ਪ੍ਰੋ: ਬ੍ਰਹਮ ਜਗਦੀਸ਼ ਸਿੰਘ ਪ੍ਰੋ: ਗੁਰਇਕਬਾਲ ਸਿੰਘ। ਵਰਕਿੰਗ ਕਮੇਟੀ ਦੇ ਜਿਹੜੇ ਮੈਂਬਰ ਚੋਣ ਹਾਰ ਗਏ ਉਨ੍ਹਾਂ ਦੇ ਨਾਂ ਇਸ ਤਰ੍ਹਾਂ ਹਨ—ਸ: ਗੁਰਚਰਨ ਸਿੰਘ ਅਰਸ਼ੀ, ਸ: ਜਗਦੀਸ਼ ਸਿੰਘ ਵਰਿਆਮ, ਪ੍ਰੋ: ਕਰਨਜੀਤ ਸਿੰਘ, ਸ: ਦਿਲਜੰਗ ਸਿੰਘ ਜੌਹਰ, ਸ: ਗੁਰਦਿਆਲ ਸਿੰਘ ਗਰੇਵਾਲ, ਸ: ਬਲਵੰਤ ਸਿੰਘ ਨੂਰ, ਇਸ ਤੋਂ ਪਹਿਲਾਂ ਪ੍ਰੋ: ਐਸ. ਪੀ. ਸਿੰਘ ਤੇ ਪ੍ਰੋ: ਗੁਰਭਜਨ ਸਿੰਘ ਗਿਲ ਨੇ ਆਪਣੇ ਨਾਂ ਵਾਪਸ ਲੈ ਲਏ ਸਨ। ਕੁਲ ਮੈਂਬਰ ੪੭੬ ਹਨ ਜਦੋਂ ਕਿ ਚੋਣ ਸਮੇਂ ੧੬੪ ਮੌਜੂਦ ਸਨ। ਇਹ ਚੋਣ ਸ: ਸੁਰਜੀਤ ਸਿੰਘ ਭਾਟੀਆ ਦੀ ਨਿਗਰਾਨੀ ਹੇਠ ਹੋਈ।

ਇਸ ਤੋਂ ਪਹਿਲਾਂ ਪੰਜਾਬੀ ਭਵਨ ਵਿਖੇ ਡਾ: ਐਸ. ਐਸ. ਜੌਹਲ ਦੀ ਪ੍ਰਧਾਨਗੀ ਹੇਠ ਅਕਾਦਮੀ ਦਾ ਜਨਰਲ ਇਜਲਾਸ ਹੋਇਆ ਜਿਸ ਵਿਚ ਡਾ: ਪਰਮਿੰਦਰ ਸਿੰਘ ਨੇ ੧੯੯੧-੯੨ ਦੀ ਰਿਪੋਰਟ ਪੇਸ਼ ਕੀਤੀ। ਇਕ ਮਤਾ ਪਾਸ ਕਰ ਕੇ ਉਘੇ ਲੇਖਕਾਂ ਸ੍ਰੀ ਤਰਸੇਮ ਨੀਲਗਿਰੀ, ਡਾ: ਰਣਧੀਰ ਸਿੰਘ ਚੰਦ ਤੇ ਲੋਕ ਗਾਇਕ ਸ੍ਰੀ ਲਾਲ ਚੰਦ ਯਮਲਾ ਜੱਟ ਦੀ ਮੌਤ 'ਤੇ ਭਾਰੀ ਦੁੱਖ ਦਾ ਪ੍ਰਗਟਾਵਾ ਕਰਦਿਆਂ ਦੋ ਮਿੰਟ ਦਾ ਮੌਨ ਧਾਰ ਕੇ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਮੀਟਿੰਗ ਵਿਚ ਇਹ ਫੈਸਲਾ ਹੋਇਆ ਕਿ ਸਾਲ ੧੯੯੨ ਦੇ ਵਰ੍ਹੇ ਨੂੰ ਪੰਜਾਬੀ ਭਵਨ ਦੇ ਸਿਲਵਰ ਜੁਬਲੀ ਵਰ੍ਹੇ ਦੇ ਤੌਰ 'ਤੇ ਮਨਾਇਆ ਜਾਏਗਾ। ਇਸ ਸਮੇਂ ਇਕ ਹੋਰ ਮਤੇ ਰਾਹੀਂ ਅਕਤੂਬਰ ਵਿਚ ਇਥੇ ਵਿਸ਼ਵ ਪੰਜਾਬੀ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਗਿਆ। ਅਕਾਦਮੀ ਦੇ ਮੈਂਬਰਾਂ ਨੇ ੨੫ ਲੱਖ ਰੁਪਏ ਦੀ ਲਾਗਤ ਨਾਲ ਪੰਜਾਬੀ ਭਵਨ ਦੇ ਬਣਨ ਵਾਲੇ ਨਵੇਂ ਵਿੰਗ ਨੂੰ ਪ੍ਰਵਾਨਗੀ ਦੇ ਦਿੱਤੀ ਜਿਸ ਵਿਚ ਇਕ ਕੰਪਿਊਟਰ ਪ੍ਰੈਸ, ਪਬਲਿਕ ਲਾਇਬ੍ਰੇਰੀ, ਆਰਟ ਗੈਲਰੀ ਤੇ ਰਾਈਟਰਜ਼ ਹੋਮ ਬਣਾਇਆ ਜਾਏਗਾ। ਇਜਲਾਸ ਵਿਚ ਡਾ: ਹਰਿਭਜਨ ਸਿੰਘ ਤੇ ਜਸਟਿਸ ਪ੍ਰੀਤਮ ਸਿੰਘ ਸਫੀਰ ਨੂੰ ਪੰਜਾਬੀ ਸਾਹਿਤ ਅਕਾਦਮੀ ਦੀ ਫੈਲੋਸ਼ਿਪ ਦੇਣ ਦਾ ਫੈਸਲਾ ਕੀਤਾ ਗਿਆ। ਇਜਲਾਸ ਵਿਚ ਪੰਜ ਉਘੇ ਲੇਖਕਾਂ ਡਾ: ਦਲੀਪ ਕੌਰ ਟਿਵਾਣਾ, ਸੰਤੋਖ ਸਿੰਘ ਧੀਰ, ਕ੍ਰਿਪਾਲ ਸਿੰਘ ਕਸੇਲ, ਪਿਆਰਾ ਸਿੰਘ ਦਾਤਾ ਅਤੇ ਸ਼ੇਰ ਜੰਗ ਜਾਂਗਲੀ ਨੂੰ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਦੇ ਕੇ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਵਿਚ ਹਰ ਇਕ ਨੂੰ ਇਕ ਮੋਮੈਂਟੋ, ਇਕ ਸ਼ਾਲ ਤੇ ੧੧੦੦੦-੧੧੦੦੦ ਰੁਪਏ ਨਕਦ ਦਿੱਤੇ ਜਾਣਗੇ। ਇਜਲਾਸ ਵਿਚ ਅਗਲੇ ਸਾਲ ਲਈ ੧੦ ਲੱਖ ਰੁਪਏ ਦੇ ਬਜਟ ਨੂੰ ਪ੍ਰਵਾਨਗੀ ਦਿੱਤੀ ਗਈ।

# ਪੰਜਾਬੀ ਸੱਥ ਦਾ ਸਾਲਾਨਾ ਸਨਮਾਨ-ਸਮਾਰੋਹ

ਪੰਜਾਬੀ ਸੱਥ (ਸ਼ਹੀਦ ਬਾਬਾ ਖੁਸ਼ਹਾਲ ਸਿੰਘ ਐਜੂਕੇਸ਼ਨਲ ਸੋਸਾਇਟੀ) ਲਾਂਬੜਾ ਵਲੋਂ ਦੂਸਰਾ ਸਾਲਾਨਾ ਸਨਮਾਨ ਸਮਾਰੋਹ ਮੰਗਲਵਾਰ ੧੪ ਅਪਰੈਲ ੧੯੯੨ ਨੂੰ ਬਾਬਾ ਖੁਸ਼ਹਾਲ ਸਿੰਘ ਖਾਲਸਾ ਮਾਡਲ ਹਾਈ ਸਕੂਲ ਲਾਂਬੜਾ (ਜਲੰਧਰ ਨਕੋਦਰ ਰੋਡ) ਵਿਖੇ ਕੀਤਾ ਗਿਆ।



Sri Satguru Jagjit Singh Ji eLibrary NamdhariElibrary@gmail.com

ਸਕੂਲ ਦੇ ਵਿਸ਼ਾਲ ਮੈਦਾਨ ਵਿਚ ਸਜੇ ਹੋਏ ਸ਼ਾਮਿਆਨੇ ਵਿਚ ਸਮਾਗਮ ਦਾ ਉਦਘਾਟਨ ਅਰਥ-ਸ਼ਾਸਤਰ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋ: ਅਵਤਾਰ ਸਿੰਘ ਢੇਸੀ ਹੋਰਾਂ ਕੀਤਾ। ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਸੰਤ ਸਿਘ ਸੇਖੋਂ ਨੇ ਕੀਤੀ। ਇਸ ਅਵਸਰ ਤੇ ਪੰਜਾਬੀ ਲੇਖਕਾਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋ: ਕਿਸ਼ਨ ਸਿੰਘ ਨੂੰ ਗੁਰ-ਮਤਿ ਵਿਆਖਿਆ ਲਈ ਭਾਈ ਗੁਰਦਾਸ ਪੁਰਸਕਾਰ ਦਿੱਤਾ ਗਿਆ। ਇਹ ਪੁਰਸਕਾਰ ਪ੍ਰੋ: ਕਿਸ਼ਨ ਸਿੰਘ ਵਲੋਂ ਡਾ: ਸਤਿੰਦਰ ਸਿੰਘ ਨੂਰ ਨੇ ਪ੍ਰਾਪਤ ਕੀਤਾ ਜੋ ਦਿਲੀ ਵਿਚ ਸਮਾਗਮ ਕਰ ਕੇ ਪ੍ਰੋ: ਕਿਸ਼ਨ ਸਿੰਘ ਨੂੰ ਭੇਟ ਕਰਨਗੇ। ਸਾਹਿਤ ਸੇਵਾ ਲਈ ਵਾਰਸ ਸ਼ਾਹ ਪੁਰਸਕਾਰ ਸ: ਜਸਵੰਤ ਸਿੰਘ ਕੰਵਲ ਨੂੰ ਦਿੱਤਾ ਗਿਆ। ਪੱਤਰਕਾਰੀ ਲਈ ਹੀਰਾ ਸਿੰਘ ਦਰਦ ਪੁਰਸਕਾਰ ਸ. ਹਰਭਜਨ ਸਿੰਘ ਹਲਵਾਰਵੀ ਨੂੰ ਦਿਤਾ ਗਿਆ। ਬਾਲ ਸਾਹਿਤ ਲਈ ਸ. ਹਿਰਦੇਪਾਲ ਸਿੰਘ ਸੰਪਾਦਕ ਬਾਲ-ਸੰਦੇਸ਼ ਨੂੰ ਪੁਰਸਕ੍ਰਿਤਕੀਤਾ ਗਿਆ ਅਤੇ ਸਭਿਆ-ਚਾਰ ਲਈ ਡਾ. ਮਹਿੰਦਰ ਸਿੰਘ ਰੰਧਾਵਾ ਪੁਰਸਕਾਰ ਸ੍ਰੀ ਅਮਰਜੀਤ ਗਰੇਵਾਲ ਨੂੰ ਦਿੱਤਾ ਗਿਆ। ਇਸ ਅਵਸਰ ਤੇ ਪ੍ਰੋ: ਨੂਰ, ਸ. ਨਰੰਜਣ ਸਿੰਘ ਢੇਸੀ, ਸੁਰਿੰਦਰ ਗਿੱਲ, ਗੁਰਭਜਨ ਗਿੱਲ, ਡਾ: ਨਾਹਰ ਸਿੰਘ ਆਦਿਕ ਨੇ ਪੁਰਸਕ੍ਰਿਤ ਲੇਖਕਾਂ ਬਾਰੇ ਆਪਣੇ ਵਿਚਾਰ ਰੱਖੇ। ਪੰਜਾਬੀ ਦੇ ਬਹੁਤ ਉਘੇ ਤੇ ਉੱਚੇ ਸ਼ਾਇਰ ਸੁਰਜੀਤ ਪਾਤਰ ਨੇ ਆਪਣੀਆਂ ਕਾਵਿ-ਰਚਨਾਵਾਂ ਸੁਰੀਲੇ ਗਲੇ ਨਾਲ ਗਾ ਕੇ ਸਮਾਂ ਬੰਨ੍ਹ ਦਿੱਤਾ। ਹੋਰ ਵੀ ਗੀਤਕਾਰਾਂ ਗੀਤ ਪੜ੍ਹੇ। ਪ੍ਰੋ: ਵਰਿਆਮ ਸਿੰਘ ਸੰਧੂ ਨੇ ਆਪਣੇ ਨਿਵੇਕਲੇ ਅੰਦਾਜ਼ ਵਿਚ ਸਟੇਜ ਦੀ ਕਾਰਵਾਈ ਨਿਭਾ ਕੇ ਸਰੋਤਿਆਂ ਦੀ ਦਿਲਚਸਪੀ ਕਾਇਮ ਰੱਖੀ। ਪੰਜਾਬੀ ਸੱਥ ਦੇ ਪ੍ਰਧਾਨ ਸ. ਪਿਆਰਾ ਸਿੰਘ ਨੇ ਸਭ ਦਾ ਧੰਨਵਾਦ ਕੀਤਾ। ਕਾਫੀ ਦਾ ਲੰਗਰ ਤਾਂ ਚਲਦਾ ਹੀ ਰਿਹਾ। ਅੰਤ ਵਿਚ ਪੰਗਤਾਂ ਵਿਚ ਬੈਠ ਕੇ ਲੰਗਰ ਛੱਕਿਆ ਛਕਾਇਆ ਗਿਆ ਜਿਸ ਨੂੰ ਬਹੁਤ ਪਸੰਦ ਕੀਤਾ ਗਿਆ। ਚਾਰ ਘੰਟੇ ਚਲੇ ਸਮਾਗਮ ਵਿਚ ਭਰਪੂਰ ਹਾਜ਼ਰੀ ਸੀ।

# ਸੰਤ ਚੰਨਣ ਸਿੰਘ ਮੁਠੱਡਾ ਸੁਰਗਵਾਸ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਵਰਸੋਇਆ ਦੋਆਬੇ ਦਾ ਪ੍ਰਸਿੱਧ ਨਗਰ ਮੁਠੱਡਾ। ਇਥੋਂ ਦੀਆਂ ਸਮੂਹ ਸੰਗਤਾਂ ਵਿਚ ਨਾਮਧਾਰੀ ਪੰਥ ਲਈ ਅਥਾਹ ਪ੍ਰੇਮ ਤੇ ਸਤਿਕਾਰ ਹੈ। ਇਸੇ ਨਗਰ ਦੇ ਨਿਵਾਸੀ ਸਨ ਸੰਤ ਚੰਨਣ ਸਿੰਘ ਜੀ ਜੋ ੯੨ ਸਾਲ ਦੀ ਉਮਰ ਭੋਗ ਕੇ ਮਿਤੀ ੨੮-੨-੯੨ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਸੰਤ ਜੀ ਵਡਭਾਗੇ ਸਨ ਜਿਹਨਾਂ ਨੇ ਛੋਟੇ ਹੁੰਦਿਆਂ ਹੀ ਠੰਡੀ ਮੂਰਤ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਉਦੋਂ ਦਰਸ਼ਨ ਕੀਤੇ ਸਨ ਜਦੋਂ ਅੰਤਮ ਵਾਰੀ ਸਤਿਗੁਰੂ ਜੀ ਮੁਠੱਡਾ ਕਲਾਂ ਵਿਚ ਦਰਸ਼ਨ ਦਿੱਤੇ। ਸੰਤ ਚੰਨਣ ਸਿੰਘ ਜੀ ਮਿਠ-ਬੋਲੜੇ, ਸਾਧੂ ਸੁਭਾ, ਨੇਕਨੀਅਤ ਅਤੇ ਸਤਿਗੁਰੂ ਜੀ ਦੇ ਚਰਨਾਂ ਤੇ ਅਥਾਹ ਭਰੋਸਾ ਰੱਖਣ ਵਾਲੇ ਵਿਅਕਤੀ ਸਨ। ਸਤਿਗੁਰੂ ਜੀ ਦੇ ਚਰਨਾਂ ਤੇ ਭਰੋਸੇ ਦੀ ਉਹਨਾਂ ਨਾਲ ਸੰਬੰਧਤ ਇਕ ਸਾਖੀ ਇਸ ਪ੍ਰਕਾਰ ਹੈ—

ਇਕ ਵਾਰੀ ਦੁਕਾਨ ਤੇ ਕੰਮ ਕਰਦਿਆਂ ਸ਼ਤੀਰ ਡਿੱਗਣ ਨਾਲ ਸੰਤਾਂ ਦੀ ਬਾਂਹ ਉਪਰ ਬਹੁਤ ਗੰਭੀਰ ਚੋਟ ਆ ਗਈ ਅਤੇ ਕੁਝ ਦਿਨ ਇਲਾਜ ਪਿਛੋਂ ਫਗਵਾੜਾ ਸਰਕਾਰੀ ਹਸਪਤਾਲ ਦੇ ਡਾਕਟਰਾਂ ਨੇ ਕਹਿ ਦਿੱਤਾ ਕਿ ਬਾਂਹ ਤਾਂ ਕੱਟਣੀ ਪਵੇਗੀ। ਸੰਤਾਂ ਨੇ ਘਰਦਿਆਂ ਨੂੰ ਕਿਹਾ ਕਿ ਡਾਕਟਰ ਦੀ ਸਲਾਹ ਮੰਨਣ ਤੋਂ ਪਹਿਲਾਂ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਜ਼ ਕੀਤੀ ਜਾਵੇ ਤੇ ਸੱਚੇ ਪਾਤਸ਼ਾਹ ਜੋ ਹੁਕਮ ਕਰਨ ਉਸੇ ਤਰ੍ਹਾਂ ਹੀ ਕੀਤਾ ਜਾਵੇ। ਅਜੇ ਅਰਜ਼ ਕਰਨ ਬਾਰੇ ਸੋਚ ਵਿਚਾਰ ਹੀ ਕਰ ਰਹੇ ਸਨ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਤਾਂ ਦੀ ਅੰਤਰ-ਅਰਦਾਸ ਸੁਣ ਆਪ ਹਸਪਤਾਲ ਆ ਕੇ ਸੰਤਾਂ ਨੂੰ ਦਰਸ਼ਨ ਦਿਤੇ ਅਤੇ ਹੁਕਮ ਕੀਤਾ, "ਫਿਕਰ ਨਾ ਕਰ। ਤੂੰ ਅਜੇ ਗੱਭਰੂ ਹੈਂ—ਬਾਂਹ ਦਾ ਜੋੜ ਕੁਝ ਦਿਨਾਂ ਵਿਚ ਹੀ ਲੱਗ ਜਾਣਾ ਹੈ—ਹੌਸਲਾ ਰੱਖ।" ਸੰਤਾਂ ਦੀ ਬਾਂਹ ਜਿਸ ਨੂੰ ਡਾਕਟਰ ਕਹਿੰਦਾ ਸੀ ਕੱਟਣੀ ਪਵੇਗੀ—ਸੰਤਾਂ ਦੇ ਸੱਚੇ ਪਾਤਸ਼ਾਹ ਦੇ ਚਰਨਾਂ ਤੇ ਸਿਦਕ ਭਰੋਸੇ ਕਾਰਨ ਘਰੇਲੂ ਇਲਾਜ ਨਾਲ ਹੀ ਠੀਕ ਹੋ ਗਈ ਸੀ।

ਸੰਤ ਚੰਨਣ ਸਿੰਘ ਜੀ ਦੁਆਬੇ ਵਿਚ ਮੁਖ ਪ੍ਰਬੰਧਕਾਂ ਵਿਚੋਂ ਸਨ ਅਤੇ ਮੁਠੱਡਾ ਕਲਾਂ ਵਿਚ ਹੋਏ ਹੋਲੇ-ਮੁਹੱਲੇ ਅਤੇ ਦੁਆਬੇ ਵਿਚ ਹੋਏ ਵੱਖ-ਵੱਖ ਸਮਾਗਮਾਂ ਵਿਚ ਆਪ ਜੀ ਦੀ ਕ੍ਰਿਪਾ ਸਦਕਾ ਆਪਣੀ ਜ਼ਿੰਮੇਵਾਰੀ ਬਹੁਤ ਲਗਨ ਤੇ ਇਮਾਨਦਾਰੀ ਨਾਲ ਨਿਭਾਉਂਦੇ ਰਹੇ। ਕਾਰੋਬਾਰ ਚੰਗਾ ਹੋਣ ਕਰਕੇ ਸੰਤ ਜੀ ਮਾਇਕ ਤੌਰ ਤੇ ਖੁਸ਼ਹਾਲ ਸਨ ਅਤੇ ਇਸ ਮਾਇਆ ਨੂੰ ਹਮੇਸ਼ਾਂ ਸਤਿਗੁਰੂ ਦੀ ਹੀ ਸਮਝਦੇ ਸਨ ਅਤੇ ਜਦੋਂ ਵੀ ਜੋ ਵੀ ਹੁਕਮ ਹੋਵੇ ਹਾਜ਼ਰ ਰਹਿੰਦੇ ਸਨ। ਸੰਤ ਜੀ ਗਊਆਂ ਦੇ ਵੀ ਬਹੁਤ ਪੇਮੀ ਸਨ ਅਤੇ ਚੰਗੀਆਂ ਗਊਆਂ ਪਾਲ ਕੇ ਬਹੁਤ ਖੁਸ਼ੀ ਮਹਿਸੂਸ ਕਰਦੇ ਸਨ।


Sri Satguru Jagjit Singh Ji eLibrary NamdhariElibrary@gmail.com

ਮਿਠ-ਬੋਲੜੇ, ਮਰਿਯਾਦਾ ਵਿਚ ਪੱਕੇ, ਸਤਿਗੁਰੂ ਦੇ ਚਰਨਾਂ ਵਿਚ ਭਰੋਸਾ ਰੱਖਣ ਵਾਲੇ ਸੰਤ ਚੰਨਣ ਸਿੰਘ ਜੀ ਨੇ ਚੜਾਈ ਕਰਨ ਤੋਂ ਤਿੰਨ ਦਿਨ ਪਹਿਲਾਂ ਆਪਣੇ ਪੋਤਰੇ ਹਰਜੀਤ ਸਿੰਘ ਨੂੰ ਦੱਸ ਦਿੱਤਾ ਸੀ ਕਿ ਮੈਂ ਹੁਣ ਚਲੇ ਜਾਣਾ ਹੈ। ਉਹਨਾਂ ਦੇ ਸਪੁਤਰ ਸੰਤ ਜਸਵੰਤ ਸਿੰਘ ਜੀ ਦਿੱਲੀ ਰਹਿਕੇ ਅਤੇ ਸੰਤ ਮਹਿੰਦਰ ਸਿੰਘ ਜੀ ਮੁਠੱਡਾ ਕਲਾਂ ਰਹਿ ਕੇ ਅੱਜ ਵੀ ਸਤਿਗੁਰੂ ਜੀ ਦੇ ਹਰ ਹੁਕਮ ਦੀ ਪਾਲਣਾ ਅਤੇ ਸਾਧ ਸੰਗਤ ਦੀ ਸੇਵਾ ਸੰਤਾਂ ਵਾਂਗ ਹੀ ਕਰਦੇ ਹਨ।

ਸੰਤਾਂ ਦੇ ਨਮਿਤ ਉਹਨਾਂ ਦੇ ਨਗਰ ੧੪/੧੫-੩-੯੨ ਨੂੰ ਮੇਲਾ ਕੀਤਾ ਗਿਆ ਅਤੇ ਪਾਠ ਦਾ ਭੋਗ ਪਾਇਆ ਗਿਆ ਜਿਸ ਵਿਚ ਸੰਤ ਦਰਸ਼ਨ ਸਿੰਘ ਜੀ ਲੁਧਿਆਣਾ, ਸੰਤ ਪੂਰਨ ਸਿਘ ਜੀ ਗੜਪਧਾਣਾ ਅਤੇ ਉਹਨਾਂ ਦੇ ਜੱਥੇ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਅਤੇ ਜਥੇਦਾਰ ਇਕਬਾਲ ਸਿੰਘ ਤੇ ਪੰਡਿਤ ਗੋਪਾਲ ਸਿੰਘ ਜੀ ਨੇ ਦੀਵਾਨ ਸਜਾਏ। ਮਾਸਟਰ ਅਜੀਤ ਸਿੰਘ ਚੀਮਾ, ਪ੍ਰੋ: ਗੁਰਦੇਵ ਸਿੰਘ ਜੀ ਚੱਗਰ, ਸ. ਸੁਲੱਖਣ ਸਿੰਘ ਸਾਬਕਾ ਪ੍ਰਧਾਨ, ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ, ਸੰਤ ਤਰਸੇਮ ਸਿੰਘ ਜੀ ਸਾਬਕਾ ਨਿਜੀ ਸਕੱਤਰ ਸ੍ਰੀ ਸਤਿਗੁਰੂ ਜੀ ਅਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਸੰਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਸੰਤਾਂ ਦੀ ਯਾਦ ਵਿਚ ਪ੍ਰੀਵਾਰ ਵਲੋਂ ਸਰੋਵਰ ਸ੍ਰੀ ਭੈਣੀ ਸਾਹਿਬ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ, ਸਤਿਜੁਗ, ਨਿਰੀਖਿਅਕ, ਵਰਿਆਮ, ਦਸਤਕਾਰ ਅਤੇ ਹੋਰ ਬਹੁਤ ਸਾਰੇ ਧਾਰਮਿਕ ਤੇ ਵਿਦਿਅਕ ਅਦਾਰਿਆਂ ਨੂੰ ਮਾਇਆ ਭੇਟ ਕੀਤੀ ਗਈ। ਪ੍ਰੀਵਾਰ ਵਲੋਂ ਆਈ ਸੰਗਤ ਦੀ ਸੇਵਾ ਬਹੁਤ ਪ੍ਰੇਮ ਨਾਲ ਕੀਤੀ ਗਈ।

**ਜਸਵੀਰ ਸਿੰਘ**
ਸਕੱਤਰ,
ਨਾਮਧਾਰੀ ਵਿਦਿਅਕ ਜਥਾ, ਦੋਆਬਾ।

# ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦਾ ਬੈਡਮਿੰਟਨ ਵਿਚ ਵਿਸ਼ੇਸ਼ ਥਾਂ

ਇਸ ਸਾਲ ਪੰਜਾਬ ਦੀ ਚੌਦਾਂ ਸਾਲ ਤੱਕ ਦੀ ਮੁੰਡਿਆਂ ਦੀ ਬੈਡਮਿੰਟਨ ਦੀ ਟੀਮ ਰਾਸ਼ਟਰੀ (National) ਮੁਕਾਬਲੇ ਵਿਚ ਪਹਿਲੇ ਨੰਬਰ ਤੇ ਰਹੀ ਹੈ।

ਅੰਡਰ ਫੋਰਟੀਨ ਉਮਰ ਦੇ ਬੈਡਮਿੰਟਨ ਦੇ ਖਿਲਾੜੀਆਂ ਦੀ ਰਾਸ਼ਟਰੀ ਮੁਕਾਬਲੇ ਲਈ ਚੋਣ ਵਾਸਤੇ ੬ ਜਨਵਰੀ, ੧੯੯੨ ਤੋਂ ਅੰਮ੍ਰਿਤਸਰ ਵਿਖੇ ਕੈਂਪ ਲਗਾਇਆ ਗਿਆ ਸੀ। ਇਸ ਕੈਂਪ ਵਿਚੋਂ—

੧. ਸਰਬਸ੍ਰੀ ਸਰਨ ਰੱਤੀ ਜਲੰਧਰ।

੨. ਗੁਰਸੇਵ ਸਿੰਘ ਸ੍ਰੀ ਭੈਣੀ ਸਾਹਿਬ (ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ)।

੩. ਗੁਰਦਿਆਲ ਸਿੰਘ ਸ੍ਰੀ ਭੈਣੀ ਸਾਹਿਬ (ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ)।

੪. ਹਰਪ੍ਰੀਤ ਸਿੰਘ ਗੁਰਦਾਸਪੁਰ,

੫. ਹਰੀਸ਼ ਚੰਦਰ ਲੁਧਿਆਣਾ ਦੀ ਚੋਣ ਹੋਈ ਸੀ।

ਇਹ ਟੀਮ ੨੨ ਜਨਵਰੀ ੧੯੯੨ ਨੂੰ ਅੰਮ੍ਰਿਤਸਰ ਤੋਂ ਰਾਸ਼ਟਰੀ ਮੁਕਾਬਲੇ ਲਈ ਆਈਜ਼ੋਲ (ਮਿਜ਼ੋਰਮ) ਵਾਸਤੇ ਰਵਾਨਾ ਹੋਈ ਸੀ। ੨੭ ਜਨਵਰੀ ਤੋਂ ਟੂਰਨਾਮੈਂਟ ਸ਼ੁਰੂ ਹੋਇਆ। ਮਿਜ਼ੋਰਮ ਵਿਖੇ ਇਸ ਟੀਮ ਨੇ ਆਪਣੇ ਸਾਰੇ ਮੈਚ ਜਿਤ ਕੇ ਫਾਈਨਲ ਮੈਚ ਵਿਚ ਮਹਾਂਰਾਸ਼ਟਰ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ।

ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਨੂੰ ਪਿਛਲੇ ਢਾਈ ਤਿੰਨ ਸਾਲ ਤੋਂ ਸੱਚੇ ਪਾਤਸ਼ਾਹ ਜੀ ਦੀ ਕ੍ਰਿਪਾ ਨਾਲ ਪਿਤੰਬਰ ਸਿੰਘ NIS ਦੇ ਸਾਬਕਾ ਚੀਫ ਕੋਚ ਟਰੇਨਿੰਗ ਦੇ ਰਹੇ ਹਨ। ਜਿਨ੍ਹਾਂ ਦੀ ਅਗਵਾਈ ਸਦਕਾ ਅਕਾਦਮੀ ਦੇ ਬੱਚਿਆਂ ਨੇ ਬੈਡਮਿੰਟਨ ਵਿਚ ਪੰਜਾਬ/ਭਾਰਤ ਤੱਕ ਆਪਣਾ ਵਿਸ਼ੇਸ਼ ਥਾਂ ਬਣਾ ਲਿਆ ਹੈ।

੧੯੭੯ ਵਿਚ ਚੌਦਾਂ ਸਾਲ ਤੱਕ ਦੀ ਨਾਮਧਾਰੀ ਹਾਕੀ ਟੀਮ ਨੇ ਹਰਿਆਣਾ ਰਾਜ ਦੀ ਪ੍ਰਤੀਨਿਧਤਾ ਕਰਦੇ ਹੋਏ ਜਲੰਧਰ ਵਿਖੇ ਰਾਸ਼ਟਰੀ ਮੁਕਾਬਲਾ ਜਿੱਤ ਕੇ ਆਪਣੀ ਧਾਂਕ ਜਮਾ ਦਿੱਤੀ ਸੀ।

੧੯੮੮ ਵਿਚ ਚੌਦਾਂ ਸਾਲ ਤੱਕ ਦੀ ਆਯੂ ਗਰੁਪ ਦੇ ਭਾਵੇਂ ਨੈਸ਼ਨਲ ਹਾਕੀ ਮੁਕਾਬਲੇ ਤਾਂ ਨਹੀਂ ਸਨ ਹੋ ਸਕੇ ਪਰ ਪੰਜਾਬ ਰਾਜ ਦਾ ਮੁਕਾਬਲਾ ਵੀ ਨਾਮਧਾਰੀ ਜੂਨੀਅਰ ਟੀਮ ਨੇ ਲੁਧਿਆਣਾ ਜ਼ਿਲ੍ਹੇ ਦੀ ਪ੍ਰਤੀਨਿਧਤਾ ਕਰਦੇ ਹੋਏ ਜਿਤਿਆ ਸੀ। ਇਹ ਮੁਕਾਬਲਾ ਸੰਗਰੂਰ ਵਿਖੇ ਹੋਇਆ ਸੀ।

**—ਭਗਤ ਸਿੰਘ**

# ਵਿਦਵਾਨਾਂ ਪ੍ਰਤੀ ਬੇਨਤੀ

ਮੈਂ ਅਜ-ਕਲ੍ਹ, ਰੱਬ ਜੀ ਦੀ ਬਖ਼ਸ਼ੀ ਹੋਈ ਸਮਝ ਤੇ ਸਮਰਥਾ ਅਨੁਸਾਰ, ਸਿੱਖ ਇਤਿਹਾਸ ਦੇ ਇਕ ਅਹਿਮ ਤੇ



Sri Satguru Jagjit Singh Ji eLibrary NamdhariElibrary@gmail.com

ਪਰਮਾਣੀਕ ਸੋਮੇ, 'ਸ੍ਰੀ ਗੁਰੂ ਪੰਥ ਪ੍ਰਕਾਸ਼' ਕ੍ਰਿਤ ਭਾਈ ਰਤਨ ਸਿੰਘ ਭੰਗੂ, ਬਾਰੇ ਤਿਲ ਫੁਲ ਲਿਖਾ ਪੜ੍ਹੀ ਤੇ ਖੋਜ-ਭਾਲ ਕਰ ਰਿਹਾ ਹਾਂ। ਇਸੇ ਸੰਬੰਧ, ਇਕ ਵਿਸ਼ੇਸ਼ ਖੇਚਲ ਦੇਣ ਲਈ ਇਹ ਲਿਖ ਰਿਹਾ ਹਾਂ। ਸੋ ਅਤੀ ਕਿਰਪਾਲਤਾ ਸਹਿਤ ਹੇਠ ਲਿਖੇ ਨੁਕਤਿਆਂ ਬਾਰੇ ਆਪਣੀ ਸ਼ੁਭ ਜਾਣਕਾਰੀ ਵਿਦਤ ਕਰ ਕੇ ਰਿਣੀ ਬਣਾਓ ਜੀ :

(੧) ਭਾਈ ਰਤਨ ਸਿੰਘ ਭੰਗੂ ਸ਼ਹੀਦ ਜੀ ਦੇ ਬੰਸ, ਜੀਵਨ ਤੇ ਰਚਨਾ ਆਦਿ ਬਾਰੇ ਕਿਸੇ ਤਰ੍ਹਾਂ ਦੀ ਕੋਈ ਵਾਕਫ਼ੀ ਜਾਂ ਸਾਮਗਰੀ ਅਤੇ ਉਸ ਨੂੰ ਪ੍ਰਾਪਤ ਕਰਨ ਦਾ ਕੋਈ ਸੋਮਾ ਜਾਂ ਸਾਧਨ।

(੨) ਉਨ੍ਹਾਂ ਦੇ ਰਚੇ ਹੋਏ **ਸ੍ਰੀ ਗੁਰੂ ਪੰਥ ਪ੍ਰਕਾਸ਼** (ਜਿਸ ਨੂੰ ਭਾਈ ਵੀਰ ਸਿੰਘ ਜੀ ਨੇ ਮਸ਼ੀਨੀ ਛਾਪੇ ਰਾਹੀਂ ਪਹਿਲੀ ਵਾਰ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਨਾਂ ਹੇਠ ਸੰਨ ੧੯੧੪ ਵਿਚ ਛਪਵਾਇਆ ਸੀ), ਦਾ ਅਸਲ ਖਰੜਾ, ਉਸ ਦਾ ਕੋਈ ਹੱਥ ਲਿਖਤੀ ਉਤਾਰਾ (ਮਸੌਦਾ ਜਾਂ ਮੈਨੂਸਕ੍ਰਿਪਟ)।

(੩) ਉਪਰੋਕਤ ਰਚਨਾ ਦੀ ਪੱਥਰ ਦੇ ਛਾਪੇ (ਲਿਥੋਗ੍ਰਾਫੀ) ਰਾਹੀਂ ਛਪੀ ਕਿਸੇ ਛਾਪ ਦੀ ਕੋਈ ਕਾਪੀ।

(੪) ਉਨ੍ਹਾਂ ਦੀ ਕਿਸੇ ਹੋਰ ਕਿਰਤ ਦਾ ਕੋਈ ਨਾਂ ਪਤਾ ਜਾਂ ਥਹੁ-ਠਿਕਾਣਾ।

ਧੰਨਵਾਦ ਸਹਿਤ
ਆਪ ਦਾ
**ਹਰਨਾਮ ਸਿੰਘ ਸ਼ਾਨ (ਡਾ:)**
੬੦੫ ਸੈਕਟਰ ੧੬-ਡੀ
ਚੰਡੀਗੜ੍ਹ।

# ਸ: ਮਹਿੰਦਰ ਸਿੰਘ ਦਾ ਵਿਛੋੜਾ

ਸ: ਮਹਿੰਦਰ ਸਿੰਘ ਬ੍ਰਮਰਾਹ ਨਾਮਧਾਰੀ ਪ੍ਰੀਤ ਨਗਰ ਜਲੰਧਰ ਵਾਲੇ ਸਮਾਜੀ ਅਤੇ ਸਿਆਸੀ ਖੇਤਰ ਵਿਚ ਜਾਣਿਆ ਪਛਾਣਿਆ ਨਾਮ ਸੀ। ਸਰਕਾਰੇ ਦਰਬਾਰੇ ਲੋਕਾਂ ਦਾ ਕੰਮ ਕਰਵਾਉਣ ਲਈ ਉਹ ਤਤਪਰ ਰਹਿੰਦੇ ਸਨ। ਉਹਨਾਂ ਦੋ ਵਾਰ ਜਲੰਧਰ ਕਾਰਪੋਰੇਸ਼ਨ ਦੀ ਚੋਣ ਵੀ ਲੜੀ ਸੀ ਸ਼ਾਇਦ ਆਪਣੀ ਪ੍ਰਸਿੱਧੀ ਕਾਰਨ ਅਣਪਛਾਤੇ ਵਿਅਕਤੀਆਂ ਦੀਆਂ ਗੋਲੀਆਂ ਨਾਲ ਉਹ ਸੋਮਵਾਰ ੯ ਮਾਰਚ ੧੯੯੨ ਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਦੀ ਅੰਤਮ ਯਾਤਰਾ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਾਮਲ ਹੋਏ।

ਐਤਵਾਰ ੨੨ ਮਾਰਚ ਨੂੰ ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਪਾਇਆ ਗਿਆ। ਇਸ ਅਵਸਰ ਤੇ ਸੰਤ ਬਲਬੀਰ ਸਿੰਘ ਜਲੰਧਰ ਤੇ ਸੰਤ ਇਕਬਾਲ ਸਿੰਘ ਭੈਣੀ ਸਾਹਿਬ ਨੇ ਕੀਰਤਨ ਕੀਤਾ। ਮਾਸਟਰ ਅਜੀਤ ਸਿੰਘ ਚੀਮਾ, ਸ: ਜਗਦੀਸ਼ ਸਿੰਘ 'ਵਰਿਆਮ' ਸ: ਗੁਰਮੇਲ ਸਿੰਘ ਚੀਮਾ ਐਮ. ਐਲ. ਏ., ਸ੍ਰੀ ਅਵਤਾਰ ਹੈਨਰੀ ਐਮ. ਐਲ. ਏ., ਤੋਂ ਬਾਅਦ ਪੰਜਾਬ ਦੇ ਮੁਖ ਮੰਤਰੀ ਸ: ਬੇਅੰਤ ਸਿੰਘ ਨੇ ਸ: ਮਹਿੰਦਰ ਸਿੰਘ ਜੀ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ। ਇਕਬਾਲ ਸਿੰਘ (ਐਮ. ਪੀ.) ਸ੍ਰੀ ਯੱਸ਼ ਅਤੇ ਵੱਖ ਵੱਖ ਵਰਗਾਂ ਦੇ ਹੋਰ ਨੇਤਾ ਸ਼ਰਧਾਂਜਲੀ ਸਮਾਰੋਹ ਵਿਚ ਸ਼ਾਮਲ ਹੋਏ।

ਅਦਾਰਾ ਵਰਿਆਮ ਸ: ਮਹਿੰਦਰ ਦੇ ਵਿਛੋੜੇ ਨੂੰ ਸਮਾਜ ਲਈ ਬਹੁਤ ਵੱਡਾ ਘਾਟਾ ਮਹਿਸੂਸ ਕਰਦਾ ਹੋਇਆ ਪਰਿਵਾਰ ਦੇ ਗਮ ਵਿਚ ਸ਼ਰੀਕ ਹੈ।

# ਪੰਜਾਬ ਸਰਕਾਰ ਵੱਲੋਂ ਜਨਤਕ ਥਾਵਾਂ 'ਤੇ ਸਿਗਰਟਨੋਸ਼ੀ' ਤੇ ਪਾਬੰਦੀ

ਚੰਡੀਗੜ੍ਹ, ੧ ਮਈ (ਸਟਾਫ ਰਿਪੋਰਟਰ) ਪੰਜਾਬ ਸਰਕਾਰ ਵਲੋਂ ਅੱਜ ਇਕ ਹੁਕਮ ਜਾਰੀ ਕਰਕੇ ਸਰਕਾਰੀ ਦਫਤਰਾਂ, ਨਿਗਮਾਂ, ਬੋਰਡਾਂ, ਵਿਦਿਅਕ ਸੰਸਥਾਵਾਂ, ਹਸਪਤਾਲਾਂ, ਬੱਸ ਅੱਡਿਆਂ ਅਤੇ ਹੋਰ ਜਨਤਕ ਸਥਾਨਾਂ ਅੰਦਰ ਸਿਗਰਟ ਅਤੇ ਤੰਬਾਕੂ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਸਰਕਾਰ ਵਲੋਂ ਸਿਹਤ ਅਤੇ ਪਰਿਆਵਰਣ ਵਿਭਾਗ ਨੂੰ ਕਿਹਾ ਗਿਆ ਹੈ ਕਿ ਉਹ ਇਨ੍ਹਾਂ ਸਥਾਨਾਂ 'ਤੇ ਤਮਾਕੂਨੋਸ਼ੀ 'ਤੇ ਰੋਕ ਉੱਤੇ ਅਮਲ ਕਰਵਾਉਣ ਲਈ ਲੋੜ ਅਨੁਸਾਰ ਕਾਨੂੰਨ ਵੀ ਤਜਵੀਜ਼ ਕਰਨ।

ਸਰਕਾਰ ਵਲੋਂ ਜਾਰੀ ਹੁਕਮਾਂ ਅਨੁਸਾਰ ਉਕਤ ਸਾਰੇ ਸਰਕਾਰੀ ਅਦਾਰਿਆਂ ਦੇ ਮੁਖੀਆਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਅਦਾਰਿਆਂ ਦੇ ਅਹਾਤਿਆਂ ਵਿਚ ਪੰਜਾਬੀ ਤੇ ਅੰਗਰੇਜ਼ੀ ਵਿਚ ਸਿਗਰਟ/ਤਮਾਕੂਨੋਸ਼ੀ ਸਬੰਧੀ ਆਦੇਸ਼ ਮੁੱਖ ਦੁਆਰਾਂ ਅਤੇ ਬਾਕੀ ਦੀਵਾਰਾਂ ਜਾਂ ਨੋਟਿਸ ਬੋਰਡਾਂ ਤੇ ਲਿਖਵਾਉਣ ਅਤੇ ਇਨ੍ਹਾਂ ਸਰਕਾਰੀ ਹੁਕਮਾਂ 'ਤੇ ਸਖਤੀ ਨਾਲ ਅਮਲ ਕੀਤਾ ਜਾਵੇ।

ਵਿਭਾਗੀ ਮੁੱਖੀਆਂ ਨੂੰ ਕਿਹਾ ਗਿਆ ਹੈ ਕਿ ਉਕਤ ਸਰਕਾਰੀ ਅਦਾਰਿਆਂ ਤੇ ਦਫਤਰਾਂ ਦੇ ਕਮਰਿਆਂ ਵਿਚੋਂ



Sri Satguru Jagjit Singh Ji eLibrary NamdhariElibrary@gmail.com

ਸਿਗਰਟਨੋਸ਼ੀ ਲਈ ਰੱਖੀਆਂ ਗਈਆਂ ਸਵਾਹਦਾਨੀਆਂ ਹਟਾ ਦਿਤੀਆਂ ਜਾਣ ਅਤੇ ਸਰਕਾਰੀ ਇਮਾਰਤਾਂ ਜਾਂ ਉਨ੍ਹਾਂ ਦੇ ਅਹਾਤਿਆਂ ਵਿਚੋਂ ਸਿਗਰਟਾਂ ਦੀਆਂ ਦੁਕਾਨਾਂ ਵੀ ਬਾਹਰ ਕੱਢ ਦਿਤੀਆਂ ਜਾਣ।

ਸਰਕਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਉਕਤ ਹਦਾਇਤਾਂ ਦੀ ਪਾਲਣਾ ਨਾ ਕਰਨ ਜਾਂ ਕਰਵਾਉਣ ਵਾਲੇ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਸਰਕਾਰੀ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਕਾਰਵਾਈ ਕੀਤੀ ਜਾ ਸਕੇਗੀ।

ਦੇਸ਼ ਵਿਚ ਸ਼ਾਇਦ ਇਹ ਪਹਿਲੀ ਵਾਰ ਹੈ ਕਿ ਕਿਸੇ ਰਾਜ ਸਰਕਾਰ ਨੇ ਤਮਾਕੂਨੋਸ਼ੀ ਵਿਰੁਧ ਅਜਿਹਾ ਸਖਤ ਸਟੈਂਡ ਲੈਣ ਦਾ ਫੈਸਲਾ ਕੀਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਉਸ ਲਈ ਤਮਾਕੂਨੋਸ਼ੀ ਨਾ ਕਰਨ ਵਾਲੇ ਲੋਕਾਂ ਦੇ ਹੱਕਾਂ ਦਾ ਖਿਆਲ ਰੱਖਿਆ ਜਾਣਾ ਜ਼ਰੂਰੀ ਹੈ ਕਿਉਂਕਿ ਜਨਤਕ ਥਾਵਾਂ 'ਤੇ ਤਮਾਕੂਨੋਸ਼ੀ ਕਾਰਨ ਤਮਾਕੂ ਦਾ ਸੇਵਨ ਕਰਨ ਵਾਲਿਆਂ ਦੀ ਸਿਹਤ 'ਤੇ ਵੀ ਅਸਰ ਪੈਂਦਾ ਹੈ।

(—ਅਜੀਤ ੨-੫-੯੨)

### ਸੰਤ ਖੜਕ ਸਿੰਘ ਜਲੰਧਰ ਦਾ ਵਿਛੋੜਾ

ਸੰਤ ਖੜਕ ਸਿੰਘ ਜੀ ੩੨੨ ਪ੍ਰੀਤ ਨਗਰ ਸੋਡਲ ਰੋਡ ਜਲੰਧਰ ਵਾਲੇ ਆਪਣੀ ਸੰਸਾਰ ਯਾਤਰਾ ੧ ਮਾਰਚ, ੧੯੯੨ ਐਤਵਾਰ ਨੂੰ ਸੰਪੂਰਨ ਕਰ ਗਏ। ਆਪ ਜੀ ਦੇ ਸਪੁਤਰਾਂ ਸ: ਗੋਪਾਲ ਸਿੰਘ, ਚਾਨਣ ਸਿੰਘ, ਗੁਰਚਰਣ ਸਿਘ (ਸਵਰਗੀ), ਗੁਰਬਚਨ ਸਿੰਘ ਅਤੇ ਸੇਵਾ ਸਿੰਘ ਦੇ ਪਰਿਵਾਰਾਂ ਵਲੋਂ ਬਜ਼ੁਰਗਾਂ ਦੀ ਜੀਵ-ਆਤਮਾ ਨਮਿਤ ਪਾਠ ਦਾ ਭੋਗ ਸੋਮਵਾਰ ੧੬ ਮਾਰਚ, ੧੯੯੨ ਨੂੰ ਪਾਇਆ ਗਿਆ। ਦੀਵਾਨ ਸਜੇ, ਕਥਾ ਵਖਿਆਨ ਹੋਏ, ਲੰਗਰ ਵਰਤੇ। ਵਰਿਆਮ ਵਾਸਤੇ ੫੦/- ਦਿੱਤੇ ਗਏ।

### ਸੰਤ ਗਿਆਨ ਸਿੰਘ ਖਾਰੇ ਵਾਲਿਆਂ ਨਮਿਤ ਪਾਠ

ਵਰਿਆਮ ਦੇ ਪੁਰਾਣੇ ਸਨੇਹੀ, ਗੁਰੂ ਘਰ ਦੇ ਪਰਮ ਸ਼ਰਧਾਲੂ, ਸੇਵਕ, ਕੀਰਤਨਕਾਰ ਅਤੇ ਪੁਰਾਣੇ ਨਾਮਧਾਰੀ ਸੰਤ ਗਿਆਨ ਸਿੰਘ ਖਾਰੇ ਵਾਲੇ ੫ ਦਸੰਬਰ, ੧੯੯੧ ਨੂੰ ਆਪਣੀ ਜੀਵਨ ਯਾਤਰਾ ਆਪਣੇ ਨਿਵਾਸ ਅਸਥਾਨ ੩/੧੦੭ ਰਮੇਸ਼ ਨਗਰ ਨਵੀਂ ਦਿੱਲੀ—੧੫ ਵਿਖੇ ਸੰਪੂਰਨ ਕਰ ਗਏ।

ਉਹਨਾਂ ਦੀ ਜੀਵ ਆਤਮਾ ਨਮਿਤ ੨੩ ਦਸੰਬਰ, ੧੯੯੨ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਨਵੀਂ ਦਿੱਲੀ ਵਿਖੇ ਮੇਲਾ ਹੋਇਆ। ਜੱਥੇਦਾਰਾਂ ਦੇ ਦੀਵਾਨ ਸਾਰਾ ਦਿਨ ਸਜੇ, ਨਾਮ ਸਿਮਰਨ ਕੀਰਤਨ ਹੋਇਆ ਅਤੇ ਪਾਠ ਦੇ ਭੋਗ ਪਾਏ ਗਏ। ਲੰਗਰ ਗੁਰੂ ਕਾ ਵਰਤਿਆ। ਸੰਤਾਂ ਦੇ ਸਪੁੱਤਰਾਂ ਕਿਰਪਾਲ ਸਿੰਘ, ਰਖਵੰਤ ਸਿੰਘ, ਮਨਮੋਹਨ ਸਿੰਘ, ਹਰਭਜਨ ਸਿੰਘ, ਪਰਮਜੀਤ ਸਿੰਘ ਹੋਰਾਂ ਵਲੋਂ ਸਾਧ ਸੰਗਤ ਦੀ ਸੇਵਾ ਤਨੋ ਮਨੋ ਧਨੋ ਕੀਤੀ ਗਈ। ਧਰਮ ਅਰਥ ਕੱਢੀ ਮਾਇਆ ਚੋਂ ੨੫੦/- ਰੁਪਏ ਵਰਿਆਮ ਨੂੰ ਭੇਜੇ ਗਏ ਬਦਸਤ ਸੰਤ ਸਤਨਾਮ ਸਿੰਘ ਜੀ।

### ਬੀਬੀ ਸਤਵੰਤ ਕੌਰ ਦਾ ਦੇਹਾਂਤ

ਡਾ: ਅਮਰ ਭਾਰਤੀ ਜੀ ਦੀ ਭਾਣਜ ਨੂੰਹ, ਸ: ਗੁਰਮੁਖ ਸਿੰਘ ਦੀ ਸੁਪਤਨੀ ਬੀਬੀ ਸਤਵੰਤ ਕੌਰ ਜੀ ਚੜ੍ਹਾਈ ਕਰ ਗਏ। ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ੫ ਜਨਵਰੀ, ੧੯੯੨ ਨੂੰ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਨਵੀਂ ਦਿੱਲੀ—੧੫ ਵਿਖੇ ੫ ਜਨਵਰੀ, ੧੯੯੨ ਨੂੰ ਪਾਇਆ ਗਿਆ। ਜੱਥੇਦਾਰ ਸੇਵਾ ਸਿੰਘ ਜੀ ਨੇ ਦੀਵਾਨ ਲਾਇਆ ਸ੍ਰੀ ਸ. ਸ. ਮਨਧੀਰ ਅਤੇ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਨੇ ਸ਼ਰਧਾਂਜਲੀ ਭੇਟ ਕੀਤੀ ਅਤੇ ਧੰਨਵਾਦ ਕੀਤਾ। ਵਰਿਆਮ ਵਾਸਤੇ ਇਕਵੰਜਾ ਰੁਪਏ ਸੰਤ ਸਤਨਾਮ ਸਿੰਘ ਵਲੋਂ ਭੇਜੇ ਗਏ।

### ਸੰਤ ਅਵਤਾਰ ਸਿੰਘ (ਨਾਮਧਾਰੀ ਪ੍ਰੈਸ ਵਾਲਿਆਂ) ਨਮਿਤ ਮੇਲਾ

ਮਿਤੀ ੨੪ ਦਸੰਬਰ, ੧੯੯੧ ਨੂੰ ਸੰਤ ਗੁਰਦੀਪ ਸਿੰਘ, ਨਾਮਧਾਰੀ ਪ੍ਰੈਸ ਗੁਲਾਬੀ ਬਾਗ ਦਿੱਲੀ ਵਾਲਿਆਂ ਆਪਣੇ ਪਿਤਾ ਸੰਤ ਅਵਤਾਰ ਸਿੰਘ ਜੀ ਦੀ ਯਾਦ ਵਿਚ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਦਿੱਲੀ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮੇਲਾ ਕੀਤਾ। ਸਰਬ ਜੱਥੇਦਾਰ ਸੰਤ ਕਰਤਾਰ ਸਿੰਘ, ਧਰਮ ਸਿੰਘ, ਗਿਆਨ ਸਿੰਘ ਵੀਰੋਕੇ, ਸੇਵਾ ਸਿੰਘ ਦਿੱਲੀ, ਰਾਗੀ ਬਲਜੀਤ ਸਿੰਘ, ਗੁਰਪ੍ਰੀਤ ਸਿੰਘ ਵਾਰੀ-ਵਾਰੀ ਕੀਰਤਨ ਕੀਤਾ, ਨਾਮ ਸਿਮਰਨ ਹੋਇਆ, ਪਾਠ ਦਾ ਭੋਗ ਪਿਆ। ਸੰਤ ਪ੍ਰੀਤਮ ਸਿੰਘ ਕਵੀ ਨੇ ਸ਼ਰਧਾਜਲੀ ਭੇਟ ਕੀਤੀ। ਧਰਮ ਕਾਰਜਾਂ ਲਈ ਕਢੀ ਮਾਇਆ ਚੋਂ ਵਰਿਆਮ ਨੂੰ ੧੦੦/- ਰੁਪਏ ਭੇਜੇ ਗਏ ਹਨ ਰਾਹੀਂ ਸੰਤ ਸਤਨਾਮ ਸਿੰਘ ਜੀ।

### ਮਾਤਾ ਰਾਜ ਕੌਰ ਨਮਿਤ ਸਹਾਇਤਾ

ਸਪਤਾਹਕ ਸਿਮਰਨ ਜਲੰਧਰ ਦੇ ਸੰਪਾਦਕ ਮਾਲਕ ਸ: ਬੇਅੰਤ ਸਿੰਘ ਸਰਹਦੀ ਅਤੇ ਪੰਜਾਬ ਸਿੰਧ ਬੈਂਕ ਦੇ ਮੈਨੇਜਰ ਸ. ਮੋਹਨ ਸਿੰਘ ਸਹਿਗਲ, ਸ. ਰਾਜਾ ਸਿੰਘ ਦੇ



Sri Satguru Jagjit Singh Ji eLibrary NamdhariElibrary@gmail.com

ਮਾਤਾ ਜੀ ਸ੍ਰੀਮਤੀ ਰਾਜ ਕੌਰ (ਸੁਪਤਨੀ ਸ਼ਹੀਦ ਸ- ਸ਼ਾਮ ਸਿੰਘ ਸਹਿਗਲ) ਪਿਛਲੇ ਸਮੇਂ ਸਦੀਵੀ ਵਿਛੋੜਾ ਦੇ ਗਏ ਸਨ। ਮਾਤਾ ਜੀ ਦੀ ਯਾਦ ਵਿਚ ਧਰਮ ਅਤੇ ਸਮਾਜ ਅਰਥ ਮਾਇਆ ਵੱਖ-ਵੱਖ ਸੰਸਥਾਵਾਂ ਨੂੰ ਭੇਟ ਕੀਤੀ ਗਈ। ਇਸ ਸੰਬੰਧ ਵਿਚ ਵਰਿਆਮ ਨੂੰ ੧੦੦/- ਰੁਪਏ ਭੇਜੇ ਗਏ ਹਨ।

## ਸ. ਮਹਿੰਦਰ ਸਿੰਘ ਨਾਮਧਾਰੀ ਨਮਿਤ ਸਹਾਇਤਾ

ਸ. ਮਹਿੰਦਰ ਸਿੰਘ ਬਮਰਾਹ ਨਾਮਧਾਰੀ ਪ੍ਰੀਤ ਨਗਰ ਜਲੰਧਰ ਨਮਿਤ ਪਾਠ ਦੇ ਭੋਗ ਸਮੇਂ ਵਰਿਆਮ ਵਾਸਤੇ ੫੧/- ਰੁਪਏ ਭੇਜੇ ਗਏ ਹਨ।

## ਸੰਪਾਦਕੀ ਦੀ ਭੇਟਾ

ਡਾ: ਪਰਤਾਪ ਸਿੰਘ ਰਾਘੋਮਾਜਰਾ ਪਟਿਆਲਾ ਵਲੋਂ ਜਨਵਰੀ ੧੯੯੨ 'ਵਰਿਆਮ' ਦੀ ਸੰਪਾਦਕੀ ਲੇਖ ਦੀ ਭੇਟਾ ੩੧/- ਰੁਪਏ ਭੇਜੇ ਗਏ ਹਨ।

## ਸ: ਕਰਤਾਰ ਸਿੰਘ ਪਨੇਸਰ ਯੂ. ਕੇ. ਵਲੋਂ

ਬਰਮਿੰਘਮ—ਯੂ. ਕੇ. ਨਿਵਾਸੀ ਸ: ਕਰਤਾਰ ਸਿੰਘ ਪਨੇਸਰ ਨੇ ਆਪਣੇ ਨਵੇਂ ਮਕਾਨ ਦੀ ਖੁਸ਼ੀ ਵਿਚ ਹਵਨ ਕਰਵਾਇਆ। ਸਾਧ ਸੰਗਤ ਦੇ ਚਰਨ ਪੁਆਏ। ਇਸ ਖੁਸ਼ੀ ਵਿਚ ਸੰਤ ਬਲਵੰਤ ਸਿੰਘ ਰੂਪਰਾਏ ਹੱਥੀਂ ੨੪੦ ਰੁਪਏ 'ਵਰਿਆਮ' ਨੂੰ ਭੇਜੇ ਹਨ।

## ਠੇਕੇਦਾਰ ਗੁਰਬਚਨ ਸਿੰਘ ਘਰ ਅਖੰਡ ਪਾਠ

ਠੇਕੇਦਾਰ ਗੁਰਬਚਨ ਸਿੰਘ ਰਾਜੌਰੀ ਗਾਰਡਨ ਦਿੱਲੀ ਵਾਲਿਆ ਆਪਣੇ ਗ੍ਰਹਿ ਵਿਖੇ ਪੂਰਨ ਗੁਰਮਰਯਾਦਾ ਅਨੁਸਾਰ ਅਖੰਡ ਪਾਠ ਕਰਵਾਇਆ। ਜਥੇਦਾਰ ਸੇਵਾ ਸਿੰਘ ਜੀ ਨੇ ਕੀਰਤਨ ਕੀਤਾ ਅਤੇ ਲੰਗਰ ਗੁਰੂ ਕਾ ਵਰਤਾਇਆ ਗਿਆ। ਇਸ ਖੁਸ਼ੀ ਵਿਚ 'ਵਰਿਆਮ' ਨੂੰ ੨੫੦/- ਰੁਪਏ ਭੇਜੇ ਗਏ ਹਨ।

## ਪਾਠ ਦਾ ਭੋਗ

ਸ: ਸਰੂਪ ਸਿੰਘ ਸਪੁਤਰ ਸਵ: ਵੈਦ ਲਛਮਣ ਸਿੰਘ ਬਸਤੀ ਬਾਵਾ ਖੇਲ ਜਲੰਧਰ ਨੇ ਆਪਣੇ ਗ੍ਰਹਿ ਵਿਖੇ ੧੩ ਜਨਵਰੀ ੧੯੯੨ ਨੂੰ ਆਸਾ ਦੀ ਵਾਰ ਦਾ ਕੀਰਤਨ ਕਰਵਾਇਆ ਅਤੇ ਪਾਠ ਦਾ ਭੋਗ ਪੁਆਇਆ। ਇਸ ਅਵਸਰ ਤੇ ੫੦/- ਰੁਪਏ 'ਵਰਿਆਮ' ਵਾਸਤੇ ਸੰਤ ਜੁਗਿੰਦਰ ਸਿੰਘ ਰਾਹੀਂ ਭੇਜੇ ਗਏ।

## ਸ: ਰਣਜੀਤ ਸਿੰਘ ਚਾਵਲਾ ਘਰ ਨਿਤਨੇਮ

F-1 ਕੀਰਤੀ ਨਗਰ ਦਿੱਲੀ ਨਿਵਾਸੀ ਸ: ਰਣਜੀਤ ਸਿੰਘ ਚਾਵਲਾ ਨੇ ਆਪਣੇ ਗ੍ਰਹਿ ਵਿਖੇ ਸਾਧ ਸੰਗਤ ਨੂੰ ਬੁਲਾ ਕੇ ਨਿਤਨੇਮ ਕਰਵਾਇਆ। ਇਸ ਅਵਸਰ ਤੇ 'ਵਰਿਆਮ' ਵਾਸਤੇ ੧੦੧/- ਰੁਪਏ ਸਹਾਇਤਾ ਭੇਜੀ।

—ਸਤਨਾਮ ਸਿੰਘ

## ਨਵੀਂ ਦੁਕਾਨ ਦਾ ਮਹੂਰਤ

੧ ਮਾਰਚ ੧੯੯੨ ਨੂੰ ਜਥੇਦਾਰ ਸੇਵਾ ਸਿੰਘ ਮਲ੍ਹੇ ਵਾਲੇ ਦੇ ਸਪੁਤਰਾਂ ਸ: ਗੁਰਵਿੰਦਰ ਸਿੰਘ ਦਿਲਬਾਗ ਸਿੰਘ ਨੇ ਜੇਲ੍ਹ ਰੋਡ ਦਿੱਲੀ ਵਿਖੇ ਪਲਾਈਵੁਡ, ਬੋਰਡ, ਸ਼ੀਸ਼ਾ ਆਦਿ ਦੀ ਨਵੀਂ ਦੁਕਾਨ ਦੇ ਮਹੂਰਤ ਸਮੇਂ ਨਾਮ ਸਿਮਰਨ ਦੀ ਵਰਨੀ ਕਰਵਾਈ। ਇਸ ਅਵਸਰ ਤੇ 'ਵਰਿਆਮ' ਵਾਸਤੇ ੨੫/- ਰੁਪਏ ਸਹਾਇਤਾ ਭੇਜੀ ਗਈ। —ਸ. ਸ.

## ਪੋਤਰੇ ਦੀ ਖੁਸ਼ੀ

ਸੰਤ ਸਵਰਨ ਸਿੰਘ ੨੦੬ ਰਾਜੌਰੀ ਗਾਰਡਨ ਨਵੀਂ ਦਿੱਲੀ-੨੭ ਨੇ ਪੋਤਰੇ ਹੋਣ ਦੀ ਖੁਸ਼ੀ ਵਿਚ ਘਰ ਵਿਚ ਨਾਮ ਸਿਮਰਨ ਦੀ ਵਰਨੀ ਕਰਵਾਈ। ਇਸ ਸਮੇਂ 'ਵਰਿਆਮ' ਵਾਸਤੇ ੧੦੧/- ਰੁਪਏ ਸਹਾਇਤਾ ਸੰਤ ਸਤਨਾਮ ਸਿੰਘ ਰਾਹੀਂ ਭੇਜੀ।

## ਸ: ਅਵਤਾਰ ਸਿੰਘ ਪਿੰਡ ਰੂੜਗੜ੍ਹ ਵਲੋਂ

ਸ: ਅਵਤਾਰ ਸਿੰਘ ਸਪੁਤਰ ਸੰਤ ਲਾਲ ਸਿੰਘ ਨਾਮਧਾਰੀ, ਪਿੰਡ ਰੂੜਗੜ੍ਹ (ਰੜ) (ਮਾਲੇਰਕੋਟਲਾ) ਵਲੋਂ ੧੭੧/- ਰੁਪਏ 'ਵਰਿਆਮ' ਨੂੰ ਭੇਜੇ ਗਏ ਹਨ।

ਮਿੰਨੀ ਕਹਾਣੀ

## ਭੀੜ

ਮੈਂ ਵੀ ਤੁਹਾਡੀ ਪਾਰਟੀ ਦੀ ਟਿਕਟ ਤੇ ਚੋਣ ਲੜਨੀ ਚਾਹੁੰਦਾ ਹਾਂ। ਭੀੜ 'ਚੋਂ ਇਕ ਸਾਧਾਰਨ ਜਿਹੇ ਆਦਮੀ ਨੇ ਜਿਵੇਂ ਮਿੰਨਤ ਜਿਹੀ ਕਰਦੇ ਆਖਿਆ ਇਹ ਟਿਕਟ ਸਿਰਫ ਸ਼ਹੀਦਾਂ ਦੇ ਪ੍ਰਵਾਰਾਂ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਅੱਗੋਂ ਪਾਰਟੀ ਪ੍ਰਧਾਨ ਨੇ ਜਵਾਬ ਦਿੱਤਾ।

ਕੀ ਤੇਰੇ ਘਰੋਂ ਵੀ ਕੋਈ ਸ਼ਹੀਦ ਹੋਇਆ ਹੈ, ਭੀੜ 'ਚੋਂ ਇਕ ਆਵਾਜ਼ ਨੇ ਜਨਮ ਲਿਆ। "ਨਹੀਂ ਅਸੀਂ ਇਸ ਨੂੰ ਪੱਕੀ ਤਰ੍ਹਾਂ ਜਾਣਦੇ ਹਾਂ। ਇਸ ਦੇ ਘਰੋਂ ਕਿਸੇ ਨੇ ਵੀ ਸ਼ਹੀਦੀ ਜਾਮ ਨਹੀਂ ਪੀਤਾ ਇਹ ਤਾਂ ਪੱਕਾ ਕਾਮਰੇਟ ਹੈ।" ਭੀੜ 'ਚੋਂ ਇਕਦਮ ਕਿੰਨੀਆਂ ਹੀ ਆਵਾਜ਼ਾਂ ਨੇ ਜਨਮ ਲਿਆ।

ਹੁਣ ਉਸ ਦੇ ਸਬਰ ਦਾ ਪਿਆਲਾ ਭਰ ਗਿਆ। ਉਹ ਇਕ ਦਮ ਭੀੜ 'ਚੋਂ ਉਠਿਆ ਅਤੇ ਸ਼ਹੀਦੀ ਵਾਰਿਸਾਂ ਨੂੰ ਆਪਣੇ ਸਾਥੀਆਂ ਵਲੋਂ ਮੌਜੂਦਾ ਸੰਘਰਸ਼ 'ਚ ਪਾਏ ਯੋਗਦਾਨ ਬਾਰੇ ਦੱਸਣ ਲੱਗਾ। "ਮੈਂ ਵੀ ਬਹੁਤ ਕੁਝ ਵਾਰਿਆ ਹੈ। ਇਸ ਸੰਘਰਸ਼ ਤੋਂ, ਗਿੱਧੇ, ਭੰਗੜੇ, ਤੀਆਂ, ਸੱਥਾਂ, ਮੇਲੇ।" ਉਹ ਕਹਿੰਦਾ-ਕਹਿੰਦਾ ਹਫ਼ ਗਿਆ ਤੇ ਮੋਢੇ ਉਪਰਲੇ ਮੈਲੇ ਜਿਹੇ ਪਰਨੇ ਨਾਲ ਅੱਖਾਂ ਪੂੰਝਦਾ ਭੀੜ ਤੋਂ ਬਾਹਰ ਵੱਲ ਨੂੰ ਹੋ ਤੁਰਿਆ।"

ਬਖਤੌਰ ਧਾਲੀਵਾਲ, ਉਮਰਾਨੰਗਲ



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਰਮ

ਮਾਸਕ ਵਰਿਆਮ ਦਾ ਜਨਵਰੀ ੯੨ ਦੇ ਨੁਸਖੇ ਦੇ ਘਲਣ ਦਾ ਧੰਨਵਾਦ। ਬੜਾ ਹੀ ਅਨੋਖਾ ਸੰਪਾਦਕੀ ਲੇਖ ਫਾਰਸੀ ਦੇ ਸ਼ਿਅਰ "ਉਮਰੇਸਤ ਕਿ ਆਵਾਜ਼ਾਹ ਏ ਮਨਸੂਰ ਕੁਹਣ ਸ਼ੁੱਧ......" ਨਾਲ ਅਰੰਭ ਕੀਤਾ (ਬਾਇਸ ਏ ਅੱਲਾ) ਤੇ ੧੮੭੨ ਦੇ ਸਾਕੇ ਦੀ ਯਾਦ ਤਾਜ਼ਾ ਕਰਾਉਂਦਾ ਤੇ ਇਹ ਸੂਝ ਬੂਝ ਦਿੰਦਾ ਕਿ ਨਾਨਕ ਪਰੱਸਤਾਂ, ਗੁਰੂ ਗੋਬਿੰਦ ਸਿੰਘ ਜੀ ਪਰੱਸਤਾਂ ਤੇ ਬਾਬਾ ਰਾਮ ਸਿੰਘ ਜੀ ਮਹਾਰਾਜ ਪਰੱਸਤਾਂ ਦੇ ਕੇਸ ਦਾਹੜੇ ਤੇ ਸਿੱਖ ਸਰੂਪ ਉਨ੍ਹਾਂ ਸ਼ਹੀਦਾਂ ਬਦੌਲਤ ਹਨ ਜਿਨ੍ਹਾਂ ਦਾ ਪਵਿਤਰ ਖ਼ੂਨ ੧੭ ਜਨਵਰੀ ੧੮੭੨ ਨੂੰ ਮਲੇਰ ਕੋਟਲੇ ਤੇ ਜਮਾਲਪੁਰ ਦੇ ਕਲਰੀਂ ਡਿੱਗਿਆ ਤੇ ਪੁਰਜ਼ੇ ਪੁਰਜ਼ੇ ਹੋਏ ਗੋਸ਼ਤ ਓ ਉਸਤਖਾ ਨੇ ਜਾਗ ਲਾਕੇ ਅਜੋਕੇ ਹੁਸੀਨ ਤੇ ਖੁਦ-ਦਾਰ ਸਿੰਘ ਪੈਦਾ ਕੀਤੇ, ਸਿੱਖੀ ਨੂੰ ਲਾਫਾਨੀ (Immortal) ਬਣਾਇਆ।

ਦਾਸ ਨਾਚੀਜ਼ ਆਪ ਦੇ ਲੇਖ ਦੀ ਭੇਟਾ ੩੧/- ਰੁਪਏ ਭੇਜ ਰਿਹਾ ਹੈ ਜੋ ਕਬੂਲ ਕਰਨੀ। ਹੱਕ ਤਾਂ ਘਟੋ ਘਟ ੩੧੦੦ ਰੁਪਏ ਬਣਦਾ ਸੀ ਹਾਜ਼ਰ ਕਰਨ ਦਾ......

ਮੈਂ ਆਪਦਾ ਇਸ਼ ਗਲੋਂ ਵੀ ਧੰਨਵਾਦ ਕਰਦਾ ਹਾਂ ਕਿ ਕਵੀ ਪ੍ਰੀਤਮ ਸਿੰਘ ਜੀ ਨੂੰ ਨਿਵੀਂ ਸਫੈਦ ਮਾਰੂਤੀ ਕਾਰ ਦਾ ਸੰਦੇਸ਼ਣ ਵੀ ਸੰਪਾਦਕੀ ਪੰਨੇ ਤੇ ਦਿੱਤਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਤਾਂ ਦੌਰੇ-ਹਾਜ਼ਰਾ ਦੇ ਹਾਤਮ ਬਾਦਸ਼ਾਹ ਹਨ। ਪਰ ਕੁਝ ਹਾਤਮ ਤੋਂ ਬੁਲੰਦ ਤਰ। ਆਪ ਦਾ ਮੁੜ ਧੰਨਵਾਦ ਕਰਦਾ ਹਾਂ। ਆਬਾਦ ਰਹੋ ਦਿਲਸ਼ਾਦ ਰਹੋ। ਆਮੀਨ।

**ਪ੍ਰਤਾਪ ਸਿੰਘ**
ਤਾਂਤਰੀ ਹਾਊਸ ਪਟਿਆਲਾ

* *

ਅੱਜ "ਵਰਿਆਮ" ਦਾ ਬਸੰਤ ਵਿਸ਼ੇਸ਼ ਅੰਕ ੧੯੯੨ ਮਿਲਿਆ। ਬਿਲਕੁਲ ਸਰਸਰੀ ਝਾਤ ਵਿਚ ਜੋ ਕੁਝ ਨਜ਼ਰ ਆਇਆ ਉਸ ਬਾਰੇ ਇਹ ਹੀ ਲਿਖਣਾ ਯੋਗ ਸਮਝਦਾ ਹਾਂ ਕਿ ਅੱਜ ਦੀ ਪੱਤਰਕਾਰੀ ਵਿਚ ਇਹ ਮੀਲ ਪੱਥਰ ਸਾਬਤ ਹੋਵੇਗਾ। ਇਸ ਅੰਕ ਬਾਰੇ ਮੈਂ ਹੋਰ ਕੁਝ ਇਸ ਲਈ ਨਹੀਂ ਲਿਖ ਰਿਹਾ ਕਿ ਮੇਰੇ ਵਿਚਾਰ ਮੇਰੇ ਜਜ਼ਬਾਤ ਅਨੁਸਾਰ ਉਣੇ ਓਣੇ ਹੀ ਭਾਸਦੇ ਹਨ।

ਬਹੁਤ ਬਹੁਤ ਮੁਬਾਰਕਬਾਦ ਅਤੇ ਬਹੁਤ ਬਹੁਤ ਧੰਨਵਾਦ। ਇਸ ਅੰਕ ਦੀਆਂ ਕਾਪੀਆਂ ਮੇਰੇ ਵਾਸਤੇ ਰਾਖ-ਵੀਆਂ ਰੱਖ ਲੈਣੀਆਂ। ਮੈਂ ਆਪਣੇ ਦੋਸਤਾਂ ਨੂੰ ਬਤੌਰ ਤੋਹਫਾ ਦੇਣੀਆਂ ਚਾਹੁੰਦਾ ਹਾਂ।

**ਗੁਰਦੇਵ ਸਿੰਘ ਚੱਗਰ**
ਚਚਰਾੜੀ, ਗੁਰਾਇਆ।

* *

ਵਰਿਆਮ ਦਾ ਬਸੰਤ ਵਿਸ਼ੇਸ਼ ਅੰਕ ੧੯੯੨ ਮਿਲਿਆ ਚਿੱਤ ਬਹੁਤ ਖੁਸ਼ ਹੋਇਆ। ਐਸੇ ਵਧੀਆ ਦਿੱਖ ਅਤੇ ਸਾਮਗਰੀ ਵਾਲੇ ਅੰਕ ਨੂੰ ਪ੍ਰਕਾਸ਼ਤ ਕਰ ਲੋਕਾਂ ਤਕ ਪਹੁੰਚਾਣ ਲਈ ਮੇਰੇ ਵਲੋਂ ਹਾਰਦਿਕ ਵਧਾਈ ਕਬੂਲ ਕਰਨੀ ਜੀ। ਜਿਵੇਂ ਜਿਵੇਂ ਪੜ੍ਹਦੇ ਜਾਓ ਸੁਆਦ ਹੀ ਸੁਆਦ ਹੈ। ਪ੍ਰਾਰਥਨਾ ਕਰਦਾ ਹਾਂ ਕਿ ਪ੍ਰਮੇਸ਼ਰ/ਸਤਿਗੁਰੂ ਬਖਸ਼ਿਸ਼ ਕਰੇ ਅਤੇ ਆਪ ਜੀ ਇਹੋ ਜਿਹੀ ਸੇਵਾ ਕਰਦੇ ਰਹੋ ਲੰਮੇਰੀ ਉਮਰ ਤੱਕ।

ਕੁਝ ਇਕ ਵੱਡੇ ਕੰਮ ਵਿਚ ਗਲਤੀਆਂ ਰਹਿ ਜਾਂਦੀਆਂ ਹਨ। ਪਰ ਸਫਾ ੬ 'ਬਸੰਤ ਦੇ ਅਵਤਾਰ ਸਤਿਗੁਰੂ ਰਾਮ ਸਿੰਘ' ਦੇ ਲੇਖ ਦੇ ਪਹਿਲੇ ਕਾਲਮ ਵਿਚ ਥਲਿਓਂ ੮ਵੀਂ ਲਾਈਨ ਵਿਚ 'ਗੁਰੂ ਰਾਮ ਸਿੰਘ ਦੀ ਜਗਾਹ ਗੁਰੂ ਗੋਬਿੰਦ ਸਿੰਘ ਆਉਣਾ ਚਾਹੀਦਾ ਸੀ। ਵੱਡੀ ਗਲਤੀ ਹੈ। ਫਿਰ ਵੀ ਖਿਮਾ ਚਾਹੁੰਦਾ ਹੋਇਆ ਇਕ ਵਾਰ ਫੇਰ ਵਧਾਈ ਦਿੰਦਾ ਹਾਂ।

**ਪ੍ਰੋ. ਸੁਰਿੰਦਰਪਾਲ ਸਿੰਘ ਸਚਦੇਵ**
ਸੁੰਦਰ ਨਗਰ ਹਿਮਾਚਲ

* *

ਬਸੰਤ ਅੰਕ ਦਾ ਸਹਿਜ ਪਾਠ ਜਾਰੀ ਹੈ। ਪਰੂਫ ਫੋਟੋਆਂ ਅਤੇ ਉਹਨਾਂ ਦੇ ਕੈਪਸ਼ਨਾਂ ਵਿਚ ਚੋਖੀ "ਗੁਲਕਾਰੀ" ਹੈ। ਬਾਕੀ ਫੇਰ।

**ਸੁਰਜੀਤ ਖੁਰਸ਼ੀਦੀ**
ਕੋਟ ਗੰਗੂ ਰਾਏ।

* *

ਕਈ ਚਿਰ ਤੋਂ ਆਪ ਵਲੋਂ ਪਰਚਾ "ਵਰਿਆਮ" ਲਗਾਤਾਰ ਪਹੁੰਚ ਰਿਹਾ ਹੈ ਅਤੇ ਜਿਹੜਾ ਭੈਣੀ ਸਾਹਿਬ ਦੀ ਫੇਰੀ ਵਾਲੇ ਲੇਖ ਵਾਲਾ ਮੂੰਹੋਂ ਮੰਗਿਆ ਸੀ ਉਹ ਵੀ ਪਹੁੰਚ ਗਿਆ ਸੀ। ਸੌ ਸਾਲਾਂ ਜਿੰਨਾ ਵੱਡਾ ਧੰਨਵਾਦ ਅਤੇ ਉਹ ਵੀ ਹਾਰਦਿਕ, ਸ਼ਾਬਦਿਕ ਹੀ ਨਹੀਂ।

ਕੁਝ ਰੋਗੀ ਕੁਝ ਪ੍ਰਦੇਸੀ ਤੇ ਨਤੀਜੇ ਵਜੋਂ ਕੁਝ ਦਲਿ-ਦਰੀ ਹੋਣ ਕਰਕੇ, ਕੁਝ ਨਹੀਂ ਬਹੁਤ ਹੀ ਦੇਰ ਬਾਅਦ ਅੱਜ ਆਪ ਨੂੰ ਲਿਖਣ ਬੈਠਾ ਹਾਂ ਉਹ ਵੀ ਸ਼ਾਇਦ ਪਹਿਲੀ ਵਾਰ।

ਵਰਿਆਮ ਸਚਮੁਚ ਹੀ 'ਵਰਿਆਮ' ਮੰਨਣਾ ਚਾਹੀਦਾ ਹੈ ਜਿਸ ਆਪਣੀ ਛੋਟੀ ਜਿਹੀ ਉਮਰ ਵਿਚ ਤੇ ਆਪੇ ਆਪ ਬਿਨਾਂ ਰਾਜਸੀ ਰੌਲੇ, ਧੜੇ, ਖੰਡਨ ਤੇ ਮੰਡਨ ਦੇ, ਆਪਣੀ ਨਿਯਤ ਤੇ ਸੀਮਿਤ ਨੀਤੀ ਦੀ ਪਾਲਣਾ ਕਰਦਿਆਂ ਇਸ ਉਚਾਈ ਨੂੰ ਛੋਹ ਲਿਆ ਹੈ ਖਾਸ ਕਰਕੇ ਆਪਦਾ ਇਹ ਸ਼ਤਾਬਦੀ ਅੰਕ ਵੇਖ ਕੇ ਮਨ ਨੂੰ ਬਹੁਤ ਖੁਸ਼ੀ ਤੇ ਸੰਤੁਸ਼ਟਤਾ ਮਿਲੀ ਹੈ।

ਧਾਰਮਿਕ ਰੁਚੀ ਰਖਣ ਵਾਲਿਆਂ ਨੂੰ ਆਪ ਬੜੇ ਸੰਜਮ ਵਿਚ, ਬਿਨਾਂ ਪ੍ਰਾਪੇਗੈਂਡਿਸਟ ਜਾਂ ਨਾਅਰੇਬਾਜ਼ ਬਣਨ ਦੇ ਤੇ



Sri Satguru Jagjit Singh Ji eLibrary NamdhariElibrary@gmail.com

ਕਟੜਤਾ ਦੀ ਡਿਗਰੀ ਲੈਣ ਦੇ, ਨਵਾਂ ਗਿਆਨ ਤੇ ਸੇਧ ਦੇਂਦੇ ਹੋ ਅਤੇ ਪੁਰਾਣਾ ਸ਼ਹਿਦ ਭੀ ਹੋਰ ਸਾਜ ਸਵਾਰ ਕੇ ਨਵੀਨ ਪਲੇਟਾਂ ਵਿਚ ਖਵਾਂਉਂਦੇ ਹੋ। ਇਹੀ ਆਪ ਦੀ ਵਰਿਆਮਤਾ ਹੈ। ਹੋਰ ਵੀ ਖੁਸ਼ੀ ਹੈ ਕਿ ਆਪ ਨੂੰ ਕਈ ਇਕ ਬਹੁਤ ਦਾਨੇ ਤੇ ਗੰਭੀਰ ਅਤੇ ਗਿਆਨਵਾਨ ਤਜਰਬਾਕਾਰ ਲੇਖਕਾਂ ਤੇ ਵਿਦਵਾਨਾਂ ਦਾ ਸਹਿਯੋਗ ਭੀ ਪ੍ਰਾਪਤ ਹੈ। ਆਪ ਦਾ "ਬਸੰਤ ਨੰਬਰ" ਇਕ ਸਾਂਭਣਯੋਗ ਸੁਗਾਤ ਬਣ ਗਈ ਹੈ। ਸਚਾਈ ਹੈ ਕਿ ੧੦੦ ਸਾਲਾ ਜੈਯੰਤੀ ਦੇ ਸੰਬੰਧ ਵਿਚ "ਨਾਮਧਾਰੀ ਦਰਬਾਰ ਦਿੱਲੀ" ਵਲੋਂ ਛਪੀਆਂ ਤਿੰਨ ਸੁੰਦਰ ਪੁਸਤਕਾਂ ਵੇਖ ਕੇ ਹਾਉਕਾ ਹੀ ਲਿਆ ਸੀ ਕਿ 'ਪੰਜਾਬ' ਕਿੰਨਾ ਪਿਛੇ ਪੈ ਗਿਆ ਹੈ, ਜਿਸ ਨੇ ਆਪਣੀ ਸ਼ਰਧਾਂਜਲੀ ਭੀ ਪੇਸ਼ ਨਹੀਂ ਕੀਤੀ ਪਰ ਆਪ ਦਾ ਇਹ ਨੰਬਰ ਪੜ੍ਹ ਕੇ ਇਉਂ ਜਾਪਿਆ ਹੈ ਕਿ ਤੁਸਾਂ "ਵਰਿਆਮ" ਦੇ ਇਸ ਨੰਬਰ ਨਾਲ ਪੰਜਾਬ ਦੀ ਰੱਖ ਵਿਖਾਈ ਹੈ ਤੇ ਮੇਰੇ ਹਉਕੇ ਨੂੰ ਮੁਸ-ਕਰਾਹਟ ਵਿਚ ਬਦਲ ਦਿੱਤਾ ਹੈ।

ਸੋ ਧੰਨਵਾਦ ਤੇ ਉਮਰੋਂ ਵੱਡਾ ਹੋਣ ਕਰਕੇ "ਸ਼ਾਬਾਸ਼" ਇਸ ਧੰਨਵਾਦ ਦੇ ਟੋਕਨ ਵਜੋਂ ਬਹੁਤ ਹੀ ਤੁੱਛ ਜੇਹੀ ਭੇਟਾ ੫੫ ਰੁਪਏ ਦਾ ਚੈਕ ਭੇਜ ਰਿਹਾ ਹਾਂ "ਬਸ ਭਾਵਨੀ ਭਗਤਿ ਭਾਇ ਕੋਡੀ ਅਗੁਭਾਗ" ਸਮਝ ਕੇ ਪ੍ਰਵਾਨ ਕਰਨ ਦੀ ਦਇਆ ਕਰਨੀ।

**ਸ. ਸ. ਅਮੋਲ**
੨ ਉਤਮ ਗੜ੍ਹ ਅੰਮ੍ਰਿਤਸਰ

* *

ਵਰਿਆਮ ਦਾ ਬਸੰਤ ਅੰਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਾਲਾ ਇਕ ਅਦੁੱਤੀ ਅੰਕ ਹੈ ਜੇਹੜਾ ਸੰਭਾਲਣਯੋਗ ਹੈ ਜਿਸ ਅੰਕ ਨੂੰ ਪੜ੍ਹਦਿਆਂ ਨਾਮਧਾਰੀ ਇਤਿਹਾਸ ਦਾ ਵੀ ਪਤਾ ਲਗਾ ਏ। ਇਸ ਅੰਕ ਵਿਚ ਹਰ ਇਕ ਲਿਖਾਰੀ ਨੇ ਸਤਿਗੁਰੂ ਰਾਮ ਸਿੰਘ ਜੀ ਬਾਰੇ ਵੱਧ ਤੋਂ ਵੱਧ ਗਿਆਨ ਦੇਣ ਦੀ ਕੋਸ਼ਿਸ਼ ਕੀਤੀ ਏ ਤੇ ਹਰ ਇਕ ਲਿਖਾਰੀ ਦੇ ਵਿਚਾਰ ਤੇ ਸੋਚਾਂ ਵੱਖਰੀਆਂ ਵੱਖਰੀਆਂ ਹਨ।

'ਵਰਿਆਮ' ਦੇ ਵਿਸ਼ੇਸ਼ ਅੰਕ ਇਸ ਤਰ੍ਹਾਂ ਨਿਕਲਦੇ ਹੀ ਰਹਿਣੇ ਚਾਹੀਦੇ ਹਨ। ਜਿਹੜੇ ਅੰਕ ਸੰਭਾਲਣਯੋਗ ਹੋਣ। ਇਸ ਤਰ੍ਹਾਂ ਦਾ ਅੰਕ ਕੱਢਣਾ ਆਪ ਜੀ ਦੀ ਬਹੁਤ ਸਾਰੀ ਹਿੰਮਤ ਹੈ। ਇਸ ਤਰ੍ਹਾਂ ਦੇ ਚੰਗੇ ਕੰਮ ਕਰਨ ਲਈ ਵਾਹਿਗੁਰੂ ਆਪ ਜੀ ਨੂੰ ਹੋਰ ਹਿੰਮਤ ਬਖਸ਼ੇ ਤੇ ਚੰਗੇ ਕੰਮ ਦੀ ਆਪ ਜੀ ਨੂੰ ਵਧਾਈ ਹੋਵੇ।

**ਹਰਭਜਨ ਸਿੰਘ ਬਾਜਵਾ**
ਬਟਾਲਾ

* *

ਵਰਿਆਮ ਦੇ ਇਸ ਅੰਕ ਨੂੰ ਮੈਂ ਕੀ ਆਖਾਂ ? ਇਸਦਾ ਮੂੰਹ ਮੱਥਾ ਸੋਹਣਾ, ਇਸ ਦੇ ਲੇਖ ਪ੍ਰੇਮ ਰੰਗ ਵਿਚ ਰੰਗੇ, ਇਸ ਦੀਆਂ ਤਸਵੀਰਾਂ, ਅੱਖਾਂ ਵਿਚੋਂ ਉਤਰ ਦਿਲ ਦੀਆਂ ਕੋਮਲ ਤੈਹਾਂ ਤੇ ਆਸਣ ਜਮਾਣ ਵਾਲੀਆਂ ਹਨ। ਇਸ ਨੂੰ ਲਾਲਾਂ, ਹੀਰਿਆਂ, ਜਾਂ ਮੋਤੀਆਂ ਦਾ ਹਾਰ ਆਖਾਂ ਜਾਂ ਗੁਲਾਬ, ਸੋਸਣ ਤੇ ਚੰਬੇਲੀ ਦੇ ਸੁੰਦਰ ਫੁੱਲਾਂ ਦਾ ਅਦਭੁਤ ਗੁਲਦਸਤਾ। ਇਸ ਅੰਕ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੀਆਂ ਆਪਣੀਆਂ ਭਾਵਨਾਵਾਂ ਨਾਲ ਚਿਤਰਿਆ ਗਿਆ ਹੈ। ਇਸ ਨੇ ਪੰਥ ਦੇ ਪੁਰਾਣੇ ਵਿਦਵਾਨ ਮਹਾਰਾਜ ਗੁਰਦਿਆਲ ਸਿੰਘ, ਸੰਤ ਨਿਧਾਨ ਸਿੰਘ ਆਲਿਮ, ਸੰਤ ਮੰਗਲ ਸਿੰਘ ਲਾਇਲਪੁਰੀ ਤੇ ਸੰਤ ਹਰਨਾਮ ਸਿੰਘ ਬਗਲੀ ਦੇ ਦਰਸ਼ਨ ਕਰਾਏ ਹਨ ਤੇ ਉਂਨ੍ਹ ਦੇ ਪ੍ਰੇਮ, ਸ਼ਰਧਾ ਤੇ ਉਤਸ਼ਾਹ ਦੀਆਂ ਝਲਕਾਂ ਪ੍ਰਤੱਖ ਹੋਈਆਂ ਹਨ।

ਇਸੇ ਅੰਕ 'ਚ ਪੰਥ ਦੇ ਹਿਤੈਸ਼ੀ ਵਿਦਵਾਨਾਂ ਸ੍ਰ: ਲਖਵਿੰਦਰ ਸਿੰਘ ਜੌਹਲ, ਗੁਰਬਚਨ ਸਿੰਘ ਭੁੱਲਰ, ਵਰਿਆਮ ਸਿੰਘ ਸੰਧੂ, ਗੁਰਬਖਸ਼ ਸਿੰਘ ਬੰਨੋਆਣ, ਗੋਪਾਲ ਸਿਘ ਬੁਟਰ ਨੇ ਨਾਮਧਾਰੀਆਂ ਦੇ ਦਿਲਾਂ ਨੂੰ ਪ੍ਰੇਮ ਸੰਗਲਾਂ ਵਿਚ ਜਕੜ ਲਿਆ ਹੈ। ਜਿਥੇ ਉਨ੍ਹਾਂ ਸਾਹਿਤਕ ਰੰਗ ਚਾੜ੍ਹਿਆ ਹੈ, ਉਥੇ ਉਨ੍ਹਾਂ ਪੰਥ ਨਾਲ ਜੱਫੀਆਂ ਵੀ ਪਾਈਆਂ ਹਨ। ਸਤਿਕਾਰਯੋਗ ਪ੍ਰੋ: ਕਿਰਪਾਲ ਸਿੰਘ ਕਸੇਲ ਤੇ ਅਮਰ ਭਾਰਤੀ ਜੀ ਦੀ ਕਲਮ ਕਿਸੇ ਤਕੜੀ ਵਿਚ ਤੋਲੀ ਨਹੀਂ ਜਾ ਸਕਦੀ।

**ਮਾ: ਨਿਹਾਲ ਸਿੰਘ**
੧੯੯, ਰਾਮ ਨਗਰ ਐਕਸਟੈਨਸ਼ਨ ਦਿੱਲੀ-੫੧

* *

ਆਪ ਦਾ ਭੇਜਿਆ ਹੋਇਆ ਵਰਿਆਮ ਬਸੰਤ ਵਿਸ਼ੇਸ਼ ਅੰਕ ਮਿਲ ਗਿਆ ਹੈ ਪੜ੍ਹ ਕੇ ਮਨ ਹੀ ਮਨ ਨੂੰ ਲਗਾ ਹੈ ਕਿ ਇਹੋ ਜਿਹੇ ਲੇਖ ਅਗੇ ਬਹੁਤ ਹੀ ਘੱਟ ਪੜ੍ਹੇ ਹਨ। ਲੇਖ ਤਾਂ ਸਾਰੇ ਹੀ ਠੀਕ ਹਨ ਪਰ ਮੈਨੂੰ ਪਾਠਸ਼ਾਹ ਤੋਂ ਕਤਲਗਾਹ ਤਕ ਲੇਖਕ ਨਾਨਕ ਸਿੰਘ ਨਾਵਲਿਸਟ ਦਾ ਬਹੁਤ ਹੀ ਵਧੀਆ ਲਗਾ ਹੈ ਕਿ ਕਿਵੇਂ ੧੨ ਸਾਲ ਦੇ ਬਿਸ਼ਨ ਸਿੰਘ ਨੇ ਦਲੇਰੀ ਕੀਤੀ ਤੇ ਬਾਅਦ ਵਿਚ ਉਸਦੇ ਮਾਤਾ ਪਿਤਾ ਨੇ ਵੀ ਕੋਈ ਕਸਰ ਨਹੀਂ ਛੱਡੀ। ਹੋਰ ਵੀਰ ਜੀ ਇਹੋ ਜਿਹੇ ਲੇਖ ਤੁਸੀਂ ਮਾਸਿਕ ਵਰਿਆਮ ਵਿਚ ਵੀ ਦਿਆ ਕਰੋ ਤਾਂ ਕਿ ਅਸੀਂ ਪੜ੍ਹਦੇ ਰਹੀਏ। ਸੰਤ ਖਾਲਸਾ ਹਰਨਾਮ ਸਿੰਘ ਬਗਲੀ ਦੇ ਬੈਂਤ ਵੀ ਬਹੁਤ ਮਨ ਨੂੰ ਭਾਂਦੇ ਹਨ। ਹੋਰ ਵੀਰ ਜੀ ਆਪ ਦੇ ਲੇਖ ਵਿਚ ਦੋ ਕੁ ਤਰੁਟੀਆਂ ਹਨ।......

**ਜਾਗੀਰ ਸਿੰਘ ਨਾਮਧਾਰੀ**
ਘਣੀਕੇ ਕੇ ਬੇਟ, ਗੁਰਦਾਸਪੁਰ



Sri Satguru Jagjit Singh Ji eLibrary NamdhariElibrary@gmail.com

Manufacturers of :
Solvent Extraction Plant
and Cattle Feed Plant Accessories

**Matharu Engineering Works**

Sultanpur Road,
Near Charbatti Chowk,
KAPURTHALA.
P.O. Box No. 64,
Phone : 2027
Partner-S. Swaran Singh Matharu



ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲਕੜੀ ਦੇ ਤਸੱਲੀ ਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕਿਟ,
ਅਕਿਹਰੀ ਪੁਲੀ, ਜਲੰਧਰ ।



ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ।
ਫੋਨ : 59869



ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

Specialists in : 'A' Class Decoration for
Marriages Parties & Govt. Functions

**Namdhari Tent House**

53, Hamidia Road Near Alpana Talkies,
BHOPAL (M.P.)



TRADE **OSTER KNIT** MARK

Top in Fashion Craze Knit
Manufacturers :
Gents Pullovers, Ladies Cardigon in
Pure Wool and Summer Garments
in Acryl Fabrics

**UDEY KNITWEARS**

Street No. 3, Jammu Colony,
LUDHIANA-3.
Hello : Off. 36349, 36338, Resi. 32449
Grams : "Udey Knitwears"



ਡੱਬਲ ਬੈਡੱ, ਸੋਫਾ ਸੈਟ, ਡਾਈਨਿੰਗ ਸੈਟ, ਗੋਲ ਮੇਜ਼
ਅਤੇ ਹੋਰ ਫਰਨੀਚਰ ਦੇ ਸਮਾਨ ਵਾਸਤੇ
ਦਰਸ਼ਨ ਦਿਓ

**ਸੂਰਤ ਸਿੰਘ ਐਂਡ ਸਨਜ਼**

ਸਾਹਮਣ ਗੁਰੂ ਰਵੀਦਾਸ ਸਕੂਲ,
ਕਿਸ਼ਨਪੁਰਾ, ਜਲੰਧਰ-੧੪੪੦੦੪.



Sri Satguru Jagjit Singh Ji eLibrary NamdhariElibrary@gmail.com











Sri Satguru Jagjit Singh Ji eLibrary NamdhariElibrary@gmail.com

ਅੰਬਰ ਬਿਸਕੁਟ ਪ੍ਰਾ: ਲਿ:
ਹੈਦਰਾਬਾਦ

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

**AMBER BISCUITS Pvt. Ltd.**
SANTOSH NAGAR, X'ROAD, HYDERABAD-500035 INDIA

ਵਰਿਆਮ ਅਪ੍ਰੈਲ ੧੯੯੨

Sri Satguru Jagjit Singh Ji eLibrary NamdhariElibrary@gmail.com

Registered No. PB/JL—253 **MONTHLY WARIAM** APRIL 1992
Ladowali Rd, Jalandhar-144001.
Registered with the Registrar of News Papers for India No. 26453/75

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ




# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS,**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 2528411
,, : 2510345
Resi. : 6845441

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

Sri Satguru Jagjit Singh Ji eLibrary NamdhariElibrary@gmail.com